
Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 19 *Issue 10 Friday, January 17, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗੁਰਦੁਆਰਾ ਟਿੱਬਾ ਨਾਨਕਸਰ, ਪਾਕਪਤਨ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਟਿੱਬਾ ਨਾਨਕਸਰ, ਪਾਕਪਤਨ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਅਮਰੀਕੀ ਸੈਨੇਟ ਵੱਲੋਂ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਪਾਸ

ਵਾਸ਼ਿੰਗਟਨ, 16 ਜਨਵਰੀ (ਪੋਸਟ ਬਿਊਰੋ) : ਇੰਪੀਚਮੈਂਟ ਸਬੰਧੀ ਸੁਣਵਾਈ ਕਾਰਨ ਕਈ ਹਫਤਿਆਂ ਤੋਂ ਦਰਕਿਨਾਰ ਕੀਤੇ ਗਏ ਕੰਮਕਾਜ ਨੂੰ ਲੀਹ ਉੱਤੇ ਲਿਆਉਣ ਲਈ ਅਮਰੀਕੀ ਸੈਨੇਟ ਨੇ ਵੀਰਵਾਰ ਨੂੰ ਨਵੇਂ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਨੂੰ ਪਾਸ ਕਰ ਹੀ ਦਿੱਤਾ।


ਸੈਨੇਟ ਮੈਜੌਰਿਟੀ ਆਗੂ ਮਿੱਚ ਮੈਕੌਨਲ

ਸੈਨੇਟ ਮੈਜੌਰਿਟੀ ਆਗੂ ਮਿੱਚ ਮੈਕੌਨਲ ਨੇ ਆਖਿਆ ਕਿ ਹਾਊਸ ਆਰ ਖ਼ਤਮ ਹੋ ਗਿਆ ਹੈ ਤੇ ਸੈਨੇਟ ਦੇ ਇਹ ਪਲ ਸਾਡੇ ਹੱਥ ਵਿੱਚ ਹਨ। ਉਨ੍ਹਾਂ ਆਖਿਆ ਕਿ ਇੱਕ ਅਹਿਮ ਫੈਸਲਾ ਹੋ ਚੁੱਕਿਆ ਹੈ ਤੇ ਸੈਨੇਟ ਨੇ ਅਮਰੀਕੀ ਲੋਕਾਂ ਲਈ ਇੱਕ ਹੋਰ ਫੈਸਲਾ ਕਰਨਾ ਹੈ। ਸੈਨੇਟ ਵਿੱਚ ਇਹ ਡੀਲ 10 ਦੇ ਮੁਕਾਬਲੇ 89 ਵੋਟਾਂ ਨਾਲ ਪਾਸ ਹੋਈ। ਦੋਵਾਂ ਪਾਰਟੀਆਂ ਵੱਲੋਂ ਇਸ ਡੀਲ ਦਾ ਸਮਰਥਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਯੂਨਾਈਟਿਡ ਸਟੇਟਸ ਮੈਕਸਿਕੋ ਕੈਨੇਡਾ ਅਗਰੀਮੈਂਟ, ਜਿਵੇ ਕਿ ਇਸ ਨੂੰ ਰਸਮੀ ਤੌਰ ਉੱਤੇ ਆਖਿਆ ਜਾਂਦਾ ਹੈ, ਪਹਿਲਾਂ ਹੀ ਹਾਊਸ ਆਫ ਰਿਪ੍ਰਜ਼ੈਂਟੇਟਿਵਸ ਤੋਂ ਪਾਸ ਹੋ ਚੁੱਕਿਆ ਹੈ ਤੇ ਹੁਣ ਇਹ ਰਾਸ਼ਟਰਪਤੀ ਡੌਨਲਡ ਟਰੰਪ ਦੇ ਦਸਤਖ਼ਤਾਂ ਲਈ ਵਾਈਟ ਹਾਊਸ ਲਿਜਾਇਆ ਜਾਵੇਗਾ। ਮੈਕਸਿਕੋ ਵੱਲੋਂ ਪਹਿਲਾਂ ਹੀ ਇਸ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ।

...ਬਾਕੀ ਪੰਨਾ 6 'ਤੇ

## ਸੁਪਰੀਮ ਕੋਰਟ ਵੱਲੋਂ ਟਰਾਂਸ ਮਾਊਨਟੇਨ ਬਾਰੇ ਬੀਸੀ ਦੀ ਅਪੀਲ ਖਾਰਜ

ਟੋਰਾਂਟੋ, 16 ਜਨਵਰੀ (ਪੋਸਟ ਬਿਊਰੋ) : ਕੈਨੇਡਾ ਦੇ ਸੁਪਰੀਮ ਕੋਰਟ ਨੇ ਬ੍ਰਿਟਿਸ਼ ਕੋਲੰਬੀਆ ਦੀ ਟਰਾਂਸ ਮਾਊਨਟੇਨ ਪਾਈਪਲਾਈਨ ਬਾਰੇ ਅਪੀਲ ਨੂੰ ਸਰਬਸੰਮਤੀ ਨਾਲ ਖਾਰਜ ਕਰ ਦਿੱਤਾ।



ਪ੍ਰੋਵਿੰਸ ਵੱਲੋਂ ਸੁਪਰੀਮ ਕੋਰਟ ਕੋਲ ਇਹ ਅਪੀਲ ਕੀਤੀ ਗਈ ਸੀ ਕਿ ਅਲਬਰਟਾ ਤੋਂ ਪਾਈਪਲਾਈਨ ਦੇ ਪਸਾਰ ਵਾਲੇ ਪ੍ਰੋਜੈਕਟ ਤਹਿਤ ਜੋ ਵੀ ਪਾਈਪਲਾਈਨ ਰਾਹੀਂ ਜਾਵੇਗਾ ਉਹ ਬੀਸੀ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ। ਪਰ ਸੁਪਰੀਮ ਕੋਰਟ ਨੇ ਪਾਇਆ ਕਿ ਕੁਦਰਤੀ ਊਰਜਾ ਦੇ ਪ੍ਰੋਜੈਕਟ ਦੀ ਸਾਰੀ ਸਮੱਗਰੀ ਫੈਡਰਲ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਕਈ ਘੰਟਿਆਂ ਦੀ ਸੁਣਵਾਈ ਤੋਂ ਬਾਅਦ ਵੀਰਵਾਰ ਨੂੰ ਜੱਜ ਰਿਚਰਡ ਵੈਗਨਰ ਨੇ ਆਖਿਆ ਕਿ ਸਾਡਾ ਸਾਰਿਆਂ ਦਾ ਇਹੋ ਖਿਆਲ ਹੈ ਕਿ ਕਈ ਸਾਂਝੇ ਕਾਰਨਾਂ ਕਰਕੇ ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਜਾਵੇ।

ਜੱਜ ਮਾਈਕਲ ਮੋਲਡੇਵਰ ਨੇ ਆਖਿਆ ਕਿ ਸਾਡਾ ਮੰਤਵ ਬਹੁਤ ਹੀ ਸ਼ੁੱਧ ਹੈ। ਅਸੀਂ ਵਾਤਾਵਰਣ ਦੀ ਹਿਫਾਜ਼ਤ ਕਰਨੀ ਚਾਹੁੰਦੇ ਹਾਂ। ਇਸ ਦਾ ਮਕਸਦ ਪ੍ਰੋਵਿੰਸ ਦੀ ਅਥਾਰਟੀ ਨਾਲੋਂ ਕਿਤੇ ਅਗਾਂਹ ਹੈ। ਇਹ ਇਸ ਨੂੰ ਗੈਰਸੰਵਿਧਾਨਕ ਬਣਾਉਂਦਾ ਹੈ।

...ਬਾਕੀ ਪੰਨਾ 6 'ਤੇ

## ਬਰੈਂਪਟਨ 'ਚ ਮ੍ਰਿਤਕ ਪਾਈ ਗਈ ਟੋਰਾਂਟੋ ਦੀ ਮਹਿਲਾ ਦੇ ਪਹਿਲੇ ਪਤੀ ਖਿਲਾਫ ਵਾਰੰਟ ਜਾਰੀ

ਬਰੈਂਪਟਨ, 16 ਜਨਵਰੀ (ਪੋਸਟ ਬਿਊਰੋ) : ਵੀਕੈਂਡ ਉੱਤੇ ਬਰੈਂਪਟਨ ਵਿੱਚ ਮ੍ਰਿਤਕ ਪਾਈ ਗਈ 28 ਸਾਲਾ ਟੋਰਾਂਟੋ ਦੀ ਮਹਿਲਾ ਦੇ ਪਹਿਲੇ ਪਤੀ ਦੇ ਅਰੈਸਟ ਵਾਰੰਟ ਜਾਰੀ ਕਰ ਦਿੱਤੇ ਗਏ ਹਨ।



ਸੋਮਵਾਰ ਨੂੰ ਇੱਕ ਮਹਿਲਾ ਦੀ ਲਾਸ਼ ਮਿਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਸਵੇਰੇ 5:45 ਉੱਤੇ ਕੁਈਨ ਸਟਰੀਟ ਤੇ ਹਾਈਵੇਅ 50 ਨੇੜੇ ਸਥਿਤ ਨੈਕਸਸ ਐਵਨਿਊ ਸੱਦਿਆ ਗਿਆ। ਟੋਰਾਂਟੋ ਪੁਲਿਸ ਅਨੁਸਾਰ ਮ੍ਰਿਤਕਾ ਦੀ ਪਛਾਣ ਹੀਰਲ ਪਟੇਲ ਵਜੋਂ ਕੀਤੀ ਗਈ ਹੈ ਉਸ ਨੂੰ ਆਖਰੀ ਵਾਰੀ ਸ਼ਨਿੱਚਰਵਾਰ ਰਾਤ ਨੂੰ 11:00 ਵਜੇ ਸਟੀਲਜ਼ ਐਵਨਿਊ ਵੈਸਟ ਵਿਖੇ ਇਸਲਿੰਗਟਨ ਐਵਨਿਊ ਏਰੀਆ ਵਿਖੇ ਵੇਖਿਆ ਗਿਆ ਸੀ।

ਪੀਲ ਪੁਲਿਸ ਨੇ ਹੁਣ ਮ੍ਰਿਤਕਾ ਦੇ ਪਹਿਲੇ ਪਤੀ, 36 ਸਾਲਾ ਰਾਕੇਸ਼ਭਾਈ ਪਟੇਲ ਖਿਲਾਫ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਵਾਰੰਟ ਜਾਰੀ ਕੀਤਾ ਹੈ। ਪੁਲਿਸ ਵੱਲੋਂ ਰਾਕੇਸ਼ਭਾਈ ਨੂੰ ਆਤਮ ਸਮਰਪਣ ਕਰਨ ਲਈ ਤੇ ਆਪਣੇ ਵਕੀਲ ਨਾਲ ਸੰਪਰਕ ਕਰਨ ਲਈ ਵੀ ਆਖਿਆ ਜਾ ਰਿਹਾ ਹੈ। ਇਹ ਵੀ ਪਤਾ ਲੱਗਿਆ ਹੈ ਕਿ ਰਾਕੇਸ਼ਭਾਈ ਪਟੇਲ 2009 ਮਾਡਲ ਦੀ ਸਿਲਵਰ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਹੌਂਡਾ ਸਿਵਿਕ ਵਿੱਚ ਸਫਰ ਕਰ ਰਿਹਾ ਹੈ ਤੇ ਇਸ ਗਡੀ ਦੀ ਲਾਇਸੰਸ ਪਲੇਟ ਦਾ ਨੰਬਰ ਸੀਡੀਐਮਪੀ042 ਹੈ।

Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance · Critical illness Ins · Travel & Visitor Ins · RESP & TFSA & RRSP
Super Visa Insurance · Mortgage Insurance · Disability Insurance · Funeral Insurance
SIMRAN SAINI 416.994.7272
www.allkindinsurance.com

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance · Life & Disability · Critical illness · RESP · Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration · Real Estate / Commercial Law · Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ — ANGECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ · ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ · ਲੀਗਲ ਬੇਸਮੈਂਟ
COMMERCIAL: New store design & build · Lease hold Improvements · Medical, offices, retail, restaurants & salon
FAST TRACK PERMIT & CONSTRUCTION 437.219.5009 info@angecon.ca
BRAMPTON · MISSISSAUGA · ETOBICOKE · OAKVILLE | ਬਰੈਂਪਟਨ · ਮਿਸੀਸਾਗਾ · ਇਟੋਬੀਕੋਕ · ਓਕਵਿਲ

Home Address Signs $40 OFF ONLY THIS WEEK 289.981.8187

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? · ਗਾਰਨਿਸ਼ਮੈਂਟ? · ਬੈਂਕ ਵਲੋਂ ਪੈਸੇ ਦੀ ਮੰਗ ? · ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance · Life /Mortgage/Funeral Insurance · Disability Insurance · Critical Illness Insurance · RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate · Commercial Lease · Business Purchase & Sale · Notarizations & Affidavits · Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets · Completly Finished · Legal Basement · Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
100% Success rate for bed bug Treatment · Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance · Visitor Visa Insurance · Travel Insurance · Student Insurance · New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration · Family Law · Corporate · Real Estate · Business Closing · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E. #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential · Commercial · Industrial
Specialist in Bedbugs Service
All Pest Control : Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE

ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਇਹੋ ਰਹਿੰਦਾ ਸੀ ਕੰਮ ਜੋ ਹੋ ਗਿਆ ਈ,
ਛਣਕਣੇ ਛਣਕਦੇ ਲੋਕਾਂ ਹਨ ਸੁਣੇ ਬੇਲੀ।
ਪਹਿਲਾਂ ਦਿੱਤੇ ਸਨ ਲੀਡਰਾਂ ਜਦੋਂ ਮਿਹਣੇ,
ਨਾਨਕੇ-ਦਾਦਕੇ ਆਪਸ ਵਿੱਚ ਪੁਣੇ ਬੇਲੀ।
ਦਾਅਵਾ ਲੋਕਾਂ ਦੀ ਸੇਵਾ ਦਾ ਕਰਨ ਭਾਵੇਂ,
ਸੁਫਨੇ ਟੱਬਰ ਦੇ ਤੀਕਰ ਆ ਬੁਣੇ ਬੇਲੀ।
ਹੱਥ ਮੱਥੇ 'ਤੇ ਮਾਰਨ, ਫਿਰ ਲੋਕ ਸੋਚਣ,
ਆਗੂ ਇਹੋ ਜਿਹੇ ਕਾਹਨੂੰ ਸੀ ਚੁਣੇ ਬੇਲੀ।
ਛਣਕਣੇ ਛਣਕਦੇ ਸੁਣੇ ਨੇ ਸਦਨ ਅੰਦਰ,
ਲੋਕ-ਹਿੱਤਾਂ ਦੀ ਬਾਤ ਨਹੀਂ ਹੋਈ ਬੇਲੀ।
ਸ਼ਰਮ ਕਰਨ ਲਈ ਕਿਸੇ ਨੂੰ ਕੌਣ ਆਖੇ,
ਜਿੱਥੇ ਲਾਹੀ ਪਈ ਸਾਰਿਆਂ ਲੋਈ ਬੇਲੀ।

**ਤੀਸ ਮਾਰ ਖਾਂ**

# ਵਿਧਾਨ ਸਭਾ ਸੈਸ਼ਨ: ਗਵਰਨਰ ਦੇ ਭਾਸ਼ਣ ਵਿੱਚੋਂ ਪਾਣੀ, ਬਰਗਾੜੀ, ਮਾਫ਼ੀਆ ਤੇ ਬਿਜਲੀ ਦੇ ਮੁੱਦੇ ਗਾਇਬ

## * ਅਕਾਲੀ ਵਿਧਾਇਕਾਂ ਨੇ ਸਦਨ ਵਿੱਚ ਛਣਕਣੇ ਵਜਾਏ

ਚੰਡੀਗੜ੍ਹ, 16 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਅੱਜ ਗਵਰਨਰ ਵੀ ਪੀ ਸਿੰਘ ਬਦਨੌਰ ਦਾ ਭਾਸ਼ਣ ਰੌਲੇ-ਰੱਪੇ, ਨਾਅਰੇਬਾਜ਼ੀ ਅਤੇ ਵਾਕਆਊਟ ਵਿੱਚ ਰੁਲ਼ ਗਿਆ। ਗਵਰਨਰ ਨੇ ਅੰਗਰੇਜ਼ੀ ਵਿੱਚ ਆਪਣਾ ਭਾਸ਼ਣ ਜਦੋਂ ਸ਼ੁਰੂ ਕੀਤਾ ਤਾਂ ਵਾਰੋ-ਵਾਰੀ ਸਮੁੱਚੀ ਵਿਰੋਧੀ ਧਿਰ ਸਦਨ ਤੋਂ ਵਾਕਆਊਟ ਕਰ ਗਈ।

ਇਹ ਗੱਲਨੋਟ ਕੀਤੀ ਗਈ ਕਿ ਪੰਜਾਬ ਸਰਕਾਰ ਵੱਲੋਂ ਤਿਆਰ ਕੀਤੇ ਗਏ ਗਵਰਨਰ ਦੇ ਭਾਸ਼ਣ ਵਿਚ ਪੰਜਾਬ ਦੇ ਪੁਰਾਣੇ ਮਸਲੇ; ਚੰਡੀਗੜ੍ਹ ਸ਼ਹਿਰ ਉੱਤੇ ਪੰਜਾਬ ਦਾ ਹੱਕ, ਸਤਲੁੱਜ-ਯਮਨਾ ਲਿੰਕ ਨਹਿਰ, ਬਰਗਾੜੀ, ਬਹਿਬਲ ਕਲਾਂ ਤੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ, ਮਾਫ਼ੀਆ ਰਾਜ ਖ਼ਤਮ ਕਰਨਾ ਤੇ ਵਾਰ-ਵਾਰ ਵਧੀਆਂ ਬਿਜਲੀ ਦੀਆਂ ਦਰਾਂ ਦਾ ਕੋਈ ਜ਼ਿਕਰ ਨਹੀਂ ਸੀ। ਪਿਛਲੇ ਦਸੰਬਰ ਵਿਚ ਮੋਹਾਲੀ ਵਿਖੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਬਾਰੇ ਵੱਖ-ਵੱਖ ਦੇਸ਼ਾਂ ਤੋਂ 3500 ਲੋਕਾਂ ਦੇ ਆਉਣ ਦਾ ਜ਼ਿਕਰ ਤਾਂ ਭਾਸ਼ਣ ਵਿਚ ਕੀਤਾ ਗਿਆ, ਪਰ ਇਸ ਸਮਿਟ ਤੋਂ ਬਾਅਦ ਕਿੰਨੀ ਇਨਵੈੱਸਟਮੈਂਟ ਹੋਵੇਗੀ, ਇਸ ਦਾ ਜ਼ਿਕਰ ਨਹੀਂ ਕੀਤਾ ਗਿਆ।

ਰਾਜ ਦੇ ਗਵਰਨਰ ਦੇ ਇਸ ਭਾਸ਼ਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਜ਼ਿਕਰ ਤੋਂ ਸਿਵਾ ਕੋਈ ਨਵੀਂ ਗੱਲ ਨਹੀਂ ਲੱਭਦੀ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 399ਵਾਂ ਪੁਰਬ, ਬਾਬਾ ਬੰਦਾ ਸਿੰਘ ਬਹਾਦਰ ਦੀ 350ਵੀਂ ਜਨਮ ਸ਼ਤਾਬਦੀ ਅਤੇ ਸ਼ਵੈਤਾਂਬਰ ਤੇਰਾਪੰਥ ਆਫ ਜੈਨਇਜ਼ਮ ਦੇ 10ਵੇਂ ਮੁਖੀ ਅਚਾਰੀਆ ਮਹਾਪ੍ਰਗਿਆ ਦੀ ਜਨਮ ਸ਼ਤਾਬਦੀ ਅਗਲੇ ਵਰ੍ਹੇ ਧੂਮ-ਧਾਮ ਨਾਲ ਮਨਾਉਣ ਦਾ ਐਲਾਨ ਕੀਤਾ ਗਿਆ। ਭਾਸ਼ਣ ਵਿਚ ਗਵਰਨਰ ਨੇ ਕਿਹਾ ਕਿ ਰਾਜ ਦੀ ਸਰਕਾਰ ਨੇ ਖ਼ਾਲੀ ਖ਼ਜ਼ਾਨਾ ਹੋਣ ਦੇ ਬਾਵਜੂਦ ਆਪਣੀ ਵਚਨਬੱਧਤਾ ਪੂਰੀ ਕਰਦਿਆਂ ਕਰੀਬ ਤਿੰਨ ਸਾਲ ਦਾ ਸਮਾਂ ਪੂਰਾ ਕਰਨ ਦੌਰਾਨ ਏ ਸ਼੍ਰੇਣੀ ਦੇ 13 ਗੈਂਗਸਟਰਜ਼ ਅਤੇ 31 ਅੱਤਵਾਦੀਆਂ ਦਾ ਖ਼ਾਤਮਾ ਕਰਨ, 151 ਨੂੰ ਗ੍ਰਿਫਤਾਰ ਕਰਨ ਅਤੇ ਨਸ਼ੇ ਦੇ ਧੰਦੇ ਉੱਤੇ ਕਾਬੂ ਪਾਉਣ ਦਾ ਕੰਮ ਕੀਤਾ ਅਤੇ 432.296 ਕਿਲੋ ਹੈਰੋਇਨ ਦੀ ਬਰਾਮਦੀ, 106 ਨਿੱਜੀ ਨਸ਼ਾ ਛਡਾਊ ਕੇਂਦਰ ਖੁੱਲ੍ਹਵਾ ਕੇ 3,66,143 ਨਸ਼ੇ ਦੇ ਰੋਗੀਆਂ ਦਾ ਇਲਾਜ ਕਰਨ, ਭ੍ਰਿਸ਼ਟਾਚਾਰ ਉੱਤੇ ਨਕੇਲ ਪਾਉਣ ਲਈ 13 ਗਜ਼ਟਿਡ ਅਤੇ 129 ਨਾਨ ਗਜ਼ਟਿਡ ਅਫਸਰਾਂ ਨੂੰ ਫੜਨ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨ ਕਰਜ਼ਾ ਮਾਫ਼ੀ ਯੋਜਨਾ ਹੇਠ 5.83 ਲੱਖ ਕਿਸਾਨਾਂ ਦਾ 4736 ਕਰੋੜ ਰੁਪਏ ਦਾ ਖੇਤੀ ਕਰਜ਼ਾ ਮਾਫ਼ ਕੀਤਾ ਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਪੰਜਾਬ ਜਲ ਰੈਗੂਲੇਸ਼ਨ ਤੇ ਵਿਕਾਸ ਅਥਾਰਟੀ ਬਣਾਉਣ, ਯੂਰੇਨੀਅਮ ਅਤੇ ਹੋਰ ਭਾਰੀ ਧਾਤਾਂ ਦੀ ਹੋਂਦ ਤੋਂ ਪ੍ਰਭਾਵਿਤ ਮੋਗਾ ਜ਼ਿਲ੍ਹੇ ਦੇ 85 ਪਿੰਡਾਂ ਵਿਚ ਨਹਿਰ ਰਾਹੀਂ ਜਲ ਸਪਲਾਈ ਕਰਨ, ਹਲਵਾਰਾ ਵਿਖੇ ਭਾਰਤੀ ਹਵਾਈ ਫ਼ੌਜ ਦੀ ਮਦਦ ਨਾਲ ਅੰਤਰਰਾਸ਼ਟਰੀ ਸਿਵਲ ਤੇ ਕਾਰਗੋ ਏਅਰ ਟਰਮੀਨਲ ਬਣਾਉਣ ਦਾ ਕੰਮ ਤਿੰਨ ਸਾਲਾਂ ਵਿਚ ਪੂਰਾ ਕਰਨ, ਬੱਸੀ ਪਠਾਣਾ ਵਿਖੇ 138 ਕਰੋੜ ਰੁਪਏ ਨਾਲ ਮੈਗਾ ਡੇਅਰੀ ਪ੍ਰਾਜੈਕਟ ਬਣਾਉਣ ਦਾ ਕਾਰਜ ਕੀਤਾ ਅਤੇ ਸਰਬਤ ਸਿਹਤ ਬੀਮਾ ਯੋਜਨਾ ਹੇਠ 45.89 ਲਾਭਪਾਤਰੀ ਪਰਿਵਾਰਾਂ ਦੇ 1,11,685 ਮਰੀਜ਼ਾਂ ਦਾ ਇਲਾਜ ਕੀਤਾ ਹੈ। ਇਸ ਸਾਲ ਮੋਹਾਲੀ ਵਿਖੇ ਮੈਡੀਕਲ ਕਾਲਜ ਦਾ ਕੰਮ ਸ਼ੁਰੂ ਕਰਨ, ਕਪੂਰਥਲਾ ਦੇ ਜ਼ਿਲ੍ਹਾ ਹਸਪਤਾਲ ਨਾਲ ਨਵੇਂ ਮੈਡੀਕਲ ਕਾਲਜ ਨੂੰ ਪ੍ਰਵਾਨਗੀ ਦੇਣ ਤੇ ਹੁਸ਼ਿਆਰਪੁਰ ਵਿਖੇ ਮੈਡੀਕਲ ਕਾਲਜ ਦੀ ਛੇਤੀ ਪ੍ਰਵਾਨਗੀ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਫਿਰੋਜ਼ਪੁਰ ਵਿਖੇ ਪੀ ਜੀ ਆਈ ਚੰਡੀਗੜ੍ਹ ਦਾ ਸੈਟੇਲਾਈਟ ਸੈਂਟਰ, 11 ਹੋਰ ਸਰਕਾਰੀ ਕਾਲਜਾਂ ਦੀ ਗੱਲ ਵੀ ਕਹੀ ਗਈ ਹੈ।

ਵਿਸ਼ੇਸ਼ ਸੈਸ਼ਨ ਦੌਰਾਨ ਜਦੋਂ ਗਵਰਨਰ ਵੀ ਪੀ ਸਿੰਘ ਬਦਨੌਰ ਭਾਸ਼ਣ ਦੇ ਰਹੇ ਸਨ ਤਾਂ ਅਕਾਲੀ ਵਿਧਾਇਕਾਂ ਵਲੋਂ ਛਣਕਣੇ ਛਣਕਾ ਕੇ ਰਾਜ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਰਹੇ। ਅਕਾਲੀ ਦਲ ਨੇ ਆਰਥਿਕ ਤੰਗੀ ਤੇ ਬਿਜਲੀ ਦੇ ਮੁੱਦੇ ਤੋਂ ਇਹ ਹੰਗਾਮਾ ਕੀਤਾ ਅਤੇ ਫਿਰ ਵਾਕਆਊਟ ਕਰ ਦਿੱਤਾ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਵੀ ਪੰਜਾਬ ਵਿੱਚ ਮਹਿੰਗੀ ਬਿਜਲੀ ਬਾਰੇ ਸਦਨ ਤੋਂ ਵਾਕਆਊਟ ਕਰ ਦਿੱਤਾ।




## ਡੀ ਐਸ ਪੀ ਦਵਿੰਦਰ ਦੇ ਰਿਸ਼ਤੇਦਾਰਾਂ ਦੇ ਘਰੀਂ ਛਾਪੇ, 7.5 ਲੱਖ ਨਕਦੀ, ਨਕਸ਼ਾ ਤੇ ਹਥਿਆਰ ਮਿਲੇ

ਸ੍ਰੀਨਗਰ, 16 ਜਨਵਰੀ (ਪੋਸਟ ਬਿਊਰੋ)- ਸ੍ਰੀਨਗਰ ਵਿੱਚ ਸੁਰੱਖਿਆ ਏਜੰਸੀਆਂ ਨੇ ਕੱਲ੍ਹ ਡੀ ਐਸ ਪੀ ਦਵਿੰਦਰ ਸਿੰਘ ਦੇ ਰਿਸ਼ਤੇਦਾਰਾਂ ਦੇ ਘਰੀਂ ਛਾਪੇ ਮਾਰੇ। ਇਸ ਦੌਰਾਨ 7.5 ਲੱਖ ਰੁਪਏ ਨਕਦੀ, ਆਰਮੀ ਬੇਸ ਦਾ ਨਕਸ਼ਾ ਅਤੇ ਹਥਿਆਰ ਬਰਾਮਦ ਹੋਏ, ਜਿਸ ਤੋਂ ਬਾਅਦ ਵੀ ਕਾਰਵਾਈ ਜਾਰੀ ਰਹਿ ਸਕਦੀ ਹੈ।

ਮਿਲੀਆਂ ਖਬਰਾਂ ਮੁਤਾਬਕ ਸੁਰੱਖਿਆ ਏਜੰਸੀਆਂ ਨੇ ਇੱਕ ਬੈਂਕ ਅਧਿਕਾਰੀ ਅਤੇ ਇੱਕ ਡਾਕਟਰ ਦੇ ਘਰ ਤਲਾਸ਼ੀ ਲਈ। ਇਸ ਤੋਂ ਇਲਾਵਾ ਸ੍ਰੀਨਗਰ ਦੇ ਇੰਦਰਾ ਨਗਰ ਇਲਾਕੇ ਦੇ ਇੱਕ ਸ਼ਿਵ ਮੰਦਰ ਦੀ ਤਲਾਸ਼ੀ ਲਈ ਗਈ। ਛਾਪਿਆਂ ਦੌਰਾਨ ਫ਼ੌਜ ਦੀ 15ਵੀਂ ਕੋਰ ਦਾ ਇੱਕ ਪੂਰਾ ਨਕਸ਼ਾ ਮਿਲਿਆ ਹੈ। ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਦਵਿੰਦਰ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਪੈਸਾ ਲੁਕਾ ਰੱਖਿਆ ਹੈ। ਛਾਪੇ ਦੌਰਾਨ ਪੂਰੇ ਇਲਾਕੇ ਦਾ ਜਾਇਜ਼ਾ ਲੈਣ ਲਈ ਡ੍ਰੋਨ ਕੈਮਰਿਆਂ ਦੀ ਵੀ ਵਰਤੋਂ ਕੀਤੀ ਗਈ। ਦਵਿੰਦਰ ਸਿੰਘ ਨਾਲ ਗ੍ਰਿਫ਼ਤਾਰ ਹਿਜ਼ਬੁਲ ਦੇ ਦੋ ਅੱਤਵਾਦੀਆਂ ਨਵੀਦ ਬਾਬੂ ਅਤੇ ਆਸਿਫ ਅਹਿਮਦ ਨੇ ਪੱਛਗਿੱਛ ਦੌਰਾਨ ਦੱਸਿਆ ਕਿ ਪਾਕਿਸਤਾਨ ਤੇ ਉਸ ਦੀਆਂ ਖ਼ੁਫ਼ੀਆਂ ਏਜੰਸੀਆਂ, ਜਿਨ੍ਹਾਂ ਵਿੱਚ ਆਈ ਐਸ ਆਈ ਸ਼ਾਮਲ ਹੈ, ਹਵਾਲਾ ਰਾਹੀਂ ਭਾਰਤ ਵਿੱਚ ਅੱਤਵਾਦੀਆਂ ਨੂੰ ਪੈਸੇ ਭੇਜਦੀਆਂ ਸਨ। ਸੁਰੱਖਿਆ ਏਜੰਸੀਆਂ ਨੇ ਨਾਨ ਬਣਾਉਣ ਵਾਲੇ ਦੋ ਵਿਅਕਤੀਆਂ ਕੋਲੋਂ ਵੀ ਪੁੱਛਗਿੱਛ ਕੀਤੀ ਹੈ। ਏਜੰਸੀਆਂ ਇਨ੍ਹਾਂ ਨਾਨ ਮੇਕਰਾਂ ਤੋਂ ਦਵਿੰਦਰ ਸਿੰਘ ਬਾਰੇ ਜਾਣਕਾਰੀ ਲੈ ਰਹੀਆਂ ਹਨ ਕਿਉਂਕਿ ਉਹ ਦਵਿੰਦਰ ਸਿੰਘ ਨੂੰ ਜਾਣਦੇ ਹਨ।

## ਵੈਜੀਟੇਰੀਅਨ ਨੂੰ ਨਾਨ ਵੈਜ ਦਿੱਤਾ, ਬਰਗਰ ਕਿੰਗ ਨੂੰ 60 ਹਜ਼ਾਰ ਜੁਰਮਾਨਾ

ਜਲੰਧਰ, 16 ਜਨਵਰੀ (ਪੋਸਟ ਬਿਊਰੋ)- ਜ਼ਿਲ੍ਹਾ ਖਪਤਕਾਰ ਫੋਰਮ ਨੇ ਬਰਗਰ ਕਿੰਗ ਦੇ ਗੁਰੂ ਨਾਨਕ ਮਿਸ਼ਨ ਚੌਕ ਵਾਲੇ ਕੇਂਦਰ ਨੂੰ 60,000 ਰੁਪਏ ਜੁਰਮਾਨਾ ਲਾਇਆ ਹੈ। ਜਲੰਧਰ ਦੇ ਮੁਨੀਸ਼ ਨੇ 24 ਦਸੰਬਰ 2018 ਨੂੰ ਜ਼ਿਲ੍ਹਾ ਕੰਜਿਊਮਰ ਫੋਰਮ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਸਨੇ ਸਤੰਬਰ ਵਿੱਚ ਗੁਰੂ ਨਾਨਕ ਮਿਸ਼ਨ ਚੌਕ ਦੇ ਬਰਗਰ ਕਿੰਗ ਤੋਂ ਦੋ ਵੈਜ ਬਰਗਰ ਆਰਡਰ ਕੀਤੇ ਸਨ, ਪਰ ਉਨ੍ਹਾਂ ਨੇ ਨਾਨ ਵੈਜ ਬਰਗਰ ਸਰਵ ਕਰ ਦਿੱਤੇ। ਮੁਨੀਸ਼ ਨੇ ਜਦੋਂ ਬਰਗਰ ਖਾਧਾ, ਉਸ ਦੀ ਸਿਹਤ ਖਰਾਬ ਹੋ ਗਈ ਤੇ ਉਹ ਸਿਵਲ ਹਸਪਤਾਲ ਵਿੱਚ ਦਾਖਲ ਰਿਹਾ। ਠੀਕ ਹੋਣ ਪਿੱਛੋਂ ਮੁਨੀਸ਼ ਨੇ ਸਿਵਲ ਸਰਜਨ ਨੂੰ ਵੀ ਇਸ ਦੀ ਸ਼ਿਕਾਇਤ ਕੀਤੀ ਸੀ ਤੇ ਜ਼ਿਲ੍ਹਾ ਕੰਜਿਊਮਰ ਫੋਰਮ ਵਿੱਚ ਵੀ ਸ਼ਿਕਾਇਤ ਕਰ ਕੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੀ ਗੱਲ ਕਹੀ ਅਤੇ ਨਾਲ ਸਿਹਤ ਖਰਾਬ ਹੋਣ ਉੱਤੇ ਦੋ ਲੱਖ ਰੁਪਏ ਦਾ ਮੁਆਵਜਾ ਮੰਗਿਆ ਸੀ। ਫੋਰਮ ਨੇ ਦੋਵੇਂ ਪੱਖਾਂ ਨੂੰ ਸੁਣਨ ਦੇ ਬਾਅਦ ਬਰਗਰ ਕਿੰਗ ਦੇ ਖ਼ਿਲਾਫ਼ ਫ਼ੈਸਲਾ ਦਿੰਦੇ ਹੋਏ ਜਿੱਥੇ 50,000 ਰੁਪਏ ਬਤੌਰ ਮੁਆਵਜਾ ਦੇਣ ਦਾ ਆਦੇਸ਼ ਦਿੱਤਾ ਅਤੇ ਨਾਲ 10,000 ਰੁਪਏ ਕਾਨੂੰਨੀ ਖਰਚ ਅਤੇ ਬਰਗਰ ਦੀ 67-67 ਰੁਪਏ ਕੀਮਤ ਵੀ ਵਾਪਸ ਕਰਨ ਨੂੰ ਕਿਹਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
The Mortgage Centre — We bring Canada's leading lenders to you
I direct mortgages Inc. 21 Roysun Rd. #6, Woodbridge, ON L4L 8R3 Ph: 905.652.3000 ext 467 | 905.652.300 ext 468
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜ਼ਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜ਼ਾ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed


19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਜਹਾਜ਼ ਹਾਦਸੇ ਦੇ ਸਬੰਧ ਵਿਚ ਮੀਟਿੰਗ 'ਚ ਹਿੱਸਾ ਲੈਣ ਲਈ ਵਿਦੇਸ਼ ਮੰਤਰੀ ਲੰਡਨ ਪਹੁੰਚੇ



ਲੰਡਨ, 16 ਜਨਵਰੀ (ਪੋਸਟ ਬਿਊਰੋ) : ਵਿਦੇਸ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਅੱਜ ਲੰਡਨ ਵਿੱਚ ਇੱਕ ਮੀਟਿੰਗ ਦੀ ਅਗਵਾਈ ਕਰਨਗੇ ਅਤੇ ਫੈਡਰਲ ਸਰਕਾਰ ਨੂੰ ਪੂਰੀ ਆਸ ਹੈ ਕਿ ਇਰਾਨ ਵੱਲੋਂ ਯੂਕਰੇਨ ਦੇ ਮਾਰ ਗਿਰਾਏ ਗਏ ਜਹਾਜ਼ ਦੇ ਸ਼ਿਕਾਰ ਪਰਿਵਾਰਾਂ ਨੂੰ ਨਿਆਂ ਤੇ ਵਿੱਤੀ ਮੁਆਵਜ਼ਾ ਮਿਲ ਜਾਵੇਗਾ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਵਾਪਰੀ ਇਸ ਘਟਨਾ ਵਿੱਚ 176 ਲੋਕ ਮਾਰੇ ਗਏ ਸਨ ਤੇ ਇਨ੍ਹਾਂ ਵਿੱਚੋਂ 89 ਦੇ ਸਬੰਧ ਕੈਨੇਡਾ ਨਾਲ ਸਨ। ਸ਼ੈਂਪੇਨ ਇਸ ਮੀਟਿੰਗ ਦੌਰਾਨ ਚਾਰ ਹੋਰਨਾਂ ਦੇਸ਼ਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਨਗੇ ਜਿਨ੍ਹਾਂ ਨੇ ਆਪਣੇ ਨਾਗਰਿਕ ਇਸ ਹਾਦਸੇ ਵਿੱਚ ਗੁਆਏ ਹਨ। ਇਨ੍ਹਾਂ ਦੇਸ਼ਾਂ ਵਿਚ ਯੂਕਰੇਨ, ਸਵੀਡਨ, ਅਫਗਾਨਿਸਤਾਨ ਤੇ ਬ੍ਰਿਟੇਨ ਸ਼ਾਮਲ ਹਨ। ਇਸ ਮੀਟਿੰਗ ਵਿੱਚ ਥੋੜ੍ਹੀ ਦੇਰ ਲਈ ਮੌਨ ਧਾਰ ਕੇ ਮ੍ਰਿਤਕਾਂ ਨੂੰ ਯਾਦ ਵੀ ਕੀਤਾ ਜਾਵੇਗਾ। ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਆਖਿਆ ਕਿ ਇਰਾਨ ਮੌਕੇ ਉੱਤੇ ਦੋ ਕੈਨੇਡੀਅਨ ਜਾਂਚਕਾਰਾਂ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ ਪਰ ਉਹ ਚਾਹੁੰਦੇ ਹਨ ਕਿ ਕੈਨੇਡਾ ਕੌਮਾਂਤਰੀ ਜਾਂਚ ਪੱਖੋਂ ਅਹਿਮ ਭੂਮਿਕਾ ਨਿਭਾਵੇ। ਬੁੱਧਵਾਰ ਨੂੰ ਪ੍ਰਧਾਨ ਮੰਤਰੀ ਦੇ ਪਾਰਲੀਮਾਨੀ ਸਕੱਤਰ ਨੇ ਆਖਿਆ ਕਿ ਸਰਕਾਰ ਮ੍ਰਿਤਕਾਂ ਦੇ ਪਰਿਵਾਰ ਨੂੰ ਮੁਆਵਜ਼ਾ ਦਿਵਾਉਣ ਲਈ ਬਦਲ ਤਲਾਸ਼ ਰਹੀ ਹੈ ਕਿਉਂਕਿ ਕੌਮਾਂਤਰੀ ਪ੍ਰਕਿਰਿਆ ਵਿੱਚ ਕਈ ਸਾਲਾਂ ਦਾ ਸਮਾਂ ਲੱਗ ਸਕਦਾ ਹੈ।

UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
NEW LOCATION !!! 225 Sheldon Dr Unit 18, Cambridge Call Jitpal Singh Deol 647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Gurjot Singh Grewal 437.224.8500

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

ShherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਚੰਦੂਮਾਜਰਾ ਵੱਲੋਂ ਘਰ ਆਏ ਟਕਸਾਲੀਆਂ ਅਤੇ ਮਨਜੀਤ ਸਿੰਘ ਜੀ ਕੇ ਨਾਲ ਮੀਟਿੰਗ

## * ਬਾਦਲ ਵਿਰੋਧੀ ਸਮਾਗਮ ਵਿੱਚ ਜਾਣ ਤੋਂ ਹਾਲ ਦੀ ਘੜੀ ਨਾਂਹ

ਨਵੀਂ ਦਿੱਲੀ, 16 ਜਨਵਰੀ, (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪਾਰਲੀਮੈਂਟ ਦੇ ਸਾਬਕਾ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦਿੱਲੀ ਵਿਚ ਹੋਣ ਵਾਲੇ ਢੀਂਡਸਾ ਅਤੇ ਟਕਸਾਲੀ ਹਮਾਇਤੀਆਂ ਦੇ 18 ਜਨਵਰੀ ਦੇ ਇਕੱਠ ਵਿਚ ਜਾਣ ਬਾਰੇ ਸਾਫ ਕਿਹਾ ਹੈ ਕਿ ਉਹ ਇਸ ਇਕੱਠ ਵਿਚ ਸ਼ਾਮਲ ਨਹੀਂ ਹੋਣਗੇ।

ਉਂਜ ਅੱਜ ਹੀ ਪ੍ਰੋ: ਚੰਦੂਮਾਜਰਾ ਨੇ ਸੁਖਦੇਵ ਸਿੰਘ ਢੀਂਡਸਾ ਬਾਰੇ ਅਕਾਲੀ ਦਲ ਵੱਲੋਂ ਮੀਡੀਆ ਨੂੰ ਦਿੱਤੇ ਗਏ ਉਸ ਬਿਆਨ ਤੋਂ ਵੀ ਲਗਭਗ ਮੋੜਾ ਕੱਟ ਲਿਆ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਢੀਂਡਸਾ ਪਿਤਾ-ਪੁੱਤਰ ਵਿਰੁੱਧ ਪਾਰਟੀ ਦੇ ਬਿਆਨ ਵਿੱਚ ਉਨ੍ਹਾਂ ਦਾ ਨਾਂਅ ਸ਼ਾਮਲ ਕਰਨ ਲਈ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਚੰਦੂਮਾਜਰਾ ਦਾ ਕਹਿਣਾ ਹੈ ਕਿ ਢੀਂਡਸਿਆਂ ਵਾਲੇ ਬਿਆਨ ਦਾ ਉਹ ਮਾਮਲਾ ਲੱਗਭਗ ਨਿੱਬੜ ਚੁੱਕਾ ਹੈ।





ਦੂਸਰੇ ਪਾਸੇ ਇਹ ਚਰਚਾ ਵਾਹਵਾ ਗਰਮ ਹੈ ਕਿ ਬਾਦਲ ਅਕਾਲੀ ਦਲ ਵਿੱਚ ਕੁਝ ਧਮਾਕੇ ਹੋ ਸਕਦੇ ਹਨ। ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਪਹਿਲਾਂ ਪਾਰਟੀ ਵਿਰੁੱਧ ਤਿੱਖੀ ਬਿਆਨਬਾਜ਼ੀ ਅਤੇ ਅੱਜ ਦਿੱਲੀ ਵਿੱਚ ਬਾਦਲ ਵਿਰੋਧੀ ਟਕਸਾਲੀ ਲੀਡਰਾਂ ਦਾ ਉਨ੍ਹਾਂ ਨੂੰ ਮਿਲਣਾ ਇਸ ਚਰਚਾ ਨੂੰ ਅੱਗੇ ਵਧਾ ਰਿਹਾ ਹੈ। ਇਸ ਤੋਂ ਕਿਆਫੇ ਲੱਗਦੇ ਹਨ ਕਿ ਢੀਂਡਸਾ ਪਿਤਾ-ਪੁੱਤਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੂੰ ਅਗਲਾ ਝਟਕਾ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਵੀ ਦੇ ਸਕਦੇ ਹਨ।

ਵਰਨਣ ਯੋਗ ਹੈ ਕਿ 18 ਜਨਵਰੀ ਨੂੰ ਕਈ ਬਾਦਲ ਵਿਰੋਧੀ ਅਕਾਲੀ ਧੜਿਆਂ ਨੇ ਦਿੱਲੀ ਵਿੱਚ ਸਮਾਗਮ ਕਰਨਾ ਹੈ। ਬਾਦਲ ਪਰਵਾਰ ਦੀ ਸਰਦਾਰੀ ਖਿਲਾਫ ਝੰਡਾ ਚੁੱਕਣ ਵਾਲੇ ਟਕਸਾਲੀ ਆਗੂ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਹੋਰ ਅਕਾਲੀ ਲੀਡਰਾਂ ਤੱਕ ਪਹੁੰਚ ਕਰ ਰਹੇ ਹਨ। ਇਸੇ ਮਕਸਦ ਲਈ ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀ ਅਗਵਾਈ ਹੇਠ ਟਕਸਾਲੀ ਆਗੂ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਦੇ ਘਰ ਵੀ ਗਏ ਅਤੇ ਓਥੇ ਇਨ੍ਹਾਂ ਦੀ ਅੱਧਾ ਘੰਟਾ ਮੀਟਿੰਗ ਚੱਲੀ। ਇਸ ਮੀਟਿੰਗ ਤੋਂ ਬਾਅਦ ਚੰਦੂਮਾਜਰਾ ਨੇ ਕਿਹਾ ਕਿ ਉਨ੍ਹਾਂ ਨੂੰ ਬਾਦਲ ਵਿਰੋਧੀ ਲੀਡਰਾਂ ਨੇ 18 ਜਨਵਰੀ ਦੇ ਸਮਾਗਮ ਦਾ ਸੱਦਾ ਦਿੱਤਾ ਹੈ, ਪਰ ਉਹ ਓਥੇ ਨਹੀਂ ਜਾਣਗੇ।

ਪਿਛਲੇ ਦਿਨੀਂ ਜਦੋਂ ਚੰਦੂਮਾਜਰਾ ਨੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਸੀ ਕਿ ਪਾਰਟੀ ਵੱਲੋਂ ਸਸਪੈਂਡ ਕੀਤੇ ਢੀਂਡਸਾ ਪਿਤਾ-ਪੁੱਤਰ (ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ) ਦੇ ਖਿਲਾਫ਼ ਜਾਰੀ ਕੀਤੇ ਗਏ ਬਿਆਨ ਲਈ ਉਨ੍ਹਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ ਤਾਂ ਇਸ ਤੋਂ ਉਨ੍ਹਾਂ ਦੇ ਪਾਰਟੀ ਨਾਲ ਨਾਰਾਜ਼ ਹੋਣ ਦੀ ਚਰਚਾ ਬਹੁਤ ਵਧ ਗਈ ਸੀ। ਅੱਜ ਉਨ੍ਹਾਂ ਨੇ ਕਿਹਾ ਕਿ ਪਾਰਟੀ ਨਾਲ ਉਨ੍ਹਾਂ ਦੀ ਨਾਰਾਜ਼ਗੀ ਦਾ ਇਹ ਮਾਮਲਾ ਨਿਪਟ ਚੁੱਕਾ ਹੈ।

# ਗੁਰਬਾਣੀ ਪ੍ਰਸਾਰਨ ਦੇ ਨਿੱਜੀਕਰਨ ਦਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਵੀ ਵਿਰੋਧ

ਨਿਊਯਾਰਕ, 16 ਜਨਵਰੀ, (ਪੋਸਟ ਬਿਊਰੋ)- ਸਿੱਖਾਂ ਦੀ ਸਭ ਤੋਂ ਵੱਡੀ ਗਿਣਤੀ ਵੱਲੋਂ ਚੁਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਉੱਤੇ ਕਾਬਜ਼ ਅਕਾਲੀ ਦਲ ਦੇ ਆਗੂਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਤ ਕੀਤੀ ਜਾਂਦੀ ਗੁਰਬਾਣੀ ਦਾ ਤਕਰੀਬਨ ਦੋ ਦਹਾਕਿਆਂ ਤੋਂ ਕੀਤਾ ਜਾ ਰਿਹਾ ਵਪਾਰੀਕਰਨ ਵਰਲਡ ਸਿੱਖ ਪਾਰਲੀਮੈਂਟ ਦੀ ਨਜ਼ਰ ਵਿੱਚ ਬਹੁਤ ਮੰਦਭਾਗਾ ਅਤੇ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਵਿੱਚ ਗਿਰਾਵਟ ਜ਼ਾਹਰ ਕਰਦਾ ਹੈ।



'ਵਰਲਡ ਸਿੱਖ ਪਾਰਲੀਮੈਂਟ' ਵੱਲੋਂ ਜਾਰੀ ਹੋਏ ਪ੍ਰੈੱਸ ਨੋਟ ਵਿੱਚ ਉਨ੍ਹਾਂ ਨੇ ਗੁਰਬਾਣੀ ਪ੍ਰਸਾਰਨ ਨੂੰ ਨਿੱਜੀ ਤੇ ਰਾਜਸੀ ਹਿੱਤਾਂ ਲਈ ਵਰਤਣ ਵਾਲਿਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਤੋਂ ਜਾਰੀ ਹੁੰਦੇ ਹੁਕਮਨਾਮੇ ਉੱਤੇ ਇੱਕ ਨਿੱਜੀ ਕੰਪਨੀ ਵੱਲੋਂ ਆਪਣੀ ਮਾਲਕੀ ਦੱਸਣਾ ਤੇ ਕਿਸੇ ਵੀ ਹੋਰ ਸੰਸਥਾ ਵੱਲੋਂ ਹੁਕਮਨਾਮਾ ਸਾਹਿਬ ਦੇ ਪ੍ਰਸਾਰਨ ਉੱਤੇ ਪਾਬੰਦੀ ਲਾਉਣ ਦੇ ਯਤਨ ਕਰਨਾ ਸਹਿਣ ਯੋਗ ਨਹੀਂ, ਕਿਉਂਕਿ ਗੁਰਬਾਣੀ ਦੇ ਆਦੇਸ਼ ਉੱਤੇ ਕਿਸੇ ਵੀ ਦੁਨਿਆਵੀ ਵਿਅਕਤੀ ਜਾਂ ਸੰਸਥਾ ਦਾ ਹੱਕ ਨਹੀਂ ਹੋ ਸਕਦਾ। ਸੰਸਥਾ ਦਾ ਕਹਿਣਾ ਹੈ ਕਿ ਗੁਰਬਾਣੀ ਦੇ ਲੰਮੇਂ ਸਮੇਂ ਤੋਂ ਹੁੰਦੇ ਵਪਾਰੀਕਰਨ ਅਤੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਨਿੱਜੀ ਹੱਥਾਂ ਵਿੱਚ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਸ਼ੀ ਹੈ ਤੇ ਇਸ ਵਪਾਰੀਕਰਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਨਾ ਰੋਕਣਾ ਸਾਬਤ ਕਰਦਾ ਹੈ ਕਿ ਸਿੱਖਾਂ ਦੀਆਂ ਮੁੱਖ ਧਾਰਮਿਕ ਸੰਸਥਾਵਾਂ ਲੋਭੀ ਤੇ ਭ੍ਰਿਸ਼ਟਾਚਾਰ ਸਿਆਸਤਦਾਨਾਂ ਦੀਂ ਕਠਪੁਤਲੀ ਬਣ ਗਈਆਂ ਹਨ। ਉਨ੍ਹਾਂ ਕਿਹਾ ਕਿ ਧਾਰਮਿਕ ਸੰਸਥਾਵਾਂ ਦੀ ਅਜ਼ਾਦੀ ਹੀ ਇਸ ਮਸਲੇ ਦਾ ਹੱਲ ਹੈ ਅਤੇ ਵਰਲਡ ਸਿੱਖ ਪਾਰਲੀਮੈਂਟ ਸਮੂਹ ਸਿੱਖਾਂ ਨੂੰ ਇਨ੍ਹਾਂ ਸੰਸਥਾਵਾਂ ਦੀ ਅਜ਼ਾਦੀ ਲਈ ਠੋਸ ਯਤਨ ਦੀ ਪੁਰ-ਜ਼ੋਰ ਬੇਨਤੀ ਕਰਦੀ ਹੈ।

# ਫਲਾਈਟ ਵਿੱਚ ਅਭਿਨੇਤਰੀ ਦੀ ਧੌਣ ਨੂੰ ਪੈਰ ਨਾਲ ਛੂਹਣ ਵਾਲੇ ਨੂੰ ਤਿੰਨ ਸਾਲ ਦੀ ਕੈਦ

ਮੁੰਬਈ, 16 ਜਨਵਰੀ (ਪੋਸਟ ਬਿਊਰੋ)- ਇਥੋਂ ਦੀ ਇੱਕ ਅਦਾਲਤ ਨੇ ਬਾਲੀਵੁੱਡ ਦੀ ਇੱਕ ਸਾਬਕਾ ਅਭਿਨੇਤਰੀ ਨਾਲ 2017 ਵਿੱਚ ਸਫਰ ਦੌਰਾਨ ਹਵਾਈ ਜਹਾਜ਼ 'ਚ ਛੇੜਛਾੜ ਕਰਨ ਦੇ ਦੋਸ਼ ਹੇਠ 41 ਸਾਲਾ ਵਿਅਕਤੀ ਨੂੰ ਕੱਲ੍ਹ ਦੋਸ਼ੀ ਕਰਾਰ ਦਿੱਤਾ। ਵਿਸ਼ੇਸ਼ ਜੱਜ ਏ ਡੀ ਦੇਵ ਨੇ ਪੋਕਸੋ ਕਾਨੂੰਨ ਹੇਠ ਦੋਸ਼ੀ ਵਿਕਾਸ ਸਚਦੇਵਾ ਨੂੰ ਦੋਸ਼ੀ ਠਹਿਰਾਇਆ। ਘਟਨਾ ਸਮੇਂ ਪੀੜਤ ਅਭਿਨੇਤਰੀ ਦੀ ਉਮਰ 17 ਸਾਲ ਸੀ। ਦੋਸ਼ੀ ਨੂੰ ਇਸ ਦੀ ਤਿੰਨ ਸਾਲ ਸਜ਼ਾ ਸੁਣਾਈ ਗਈ ਹੈ।

ਅਭਿਨੇਤਰੀ ਨੇ ਦੋਸ਼ ਲਾਇਆ ਸੀ ਕਿ ਦਸੰਬਰ 2017 ਵਿੱਚ ਉਹ ਦਿੱਲੀ ਤੋਂ ਮੁੰਬਈ ਜਾ ਰਹੀ ਸੀ ਤਾਂ ਵਿਕਾਸ ਨੇ ਉਸ ਨਾਲ ਛੇੜਛਾੜ ਕੀਤੀ ਅਤੇ ਦੋ ਘੰਟਿਆਂ ਦੀ ਯਾਤਰਾ ਉਸ ਨੇ ਔਖੀ ਬਣਾ ਦਿੱਤੀ ਸੀ। ਹਵਾਈ ਜਹਾਜ਼ ਦੇ ਅੰਦਰ ਉਸ ਸਮੇਂ ਰੌਸ਼ਨੀ ਘੱਟ ਸੀ, ਜਿਸ ਦਾ ਵਿਕਾਸ ਨੇ ਨਾਜਾਇਜ਼ ਲਾਭ ਉਠਾਇਆ। ਉਹ ਵਾਰ-ਵਾਰ ਅਭਿਨੇਤਰੀ ਦੇ ਮੋਢਿਆਂ ਨੂੰ ਆਪਣੀ ਕੂਹਣੀ ਮਾਰ ਰਿਹਾ ਸੀ ਅਤੇ ਲੇਟੀ ਹਾਲਤ ਵਿੱਚ ਆਪਣੇ ਪੈਰ ਉਸ ਦੀ ਗਰਦਨ ਨਾਲ ਰਗੜ ਰਿਹਾ ਸੀ।ਵਿਸ਼ੇਸ਼ ਜੱਜ ਨੇ ਵਿਕਾਸ ਨੂੰ ਤਿੰਨ ਦੀ ਸਜ਼ਾ ਸੁਣਾਈ। ਉਸ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਹ ਆਪਣੇ ਪਰਵਾਰ 'ਚ ਇੱਕੋ-ਇੱਕ ਕਮਾਉਣ ਵਾਲਾ ਹੈ, ਇਸ ਲਈ ਸਜ਼ਾ ਘੱਟ ਕੀਤੀ ਜਾਏ। ਜੱਜ ਨੇ ਇਹ ਦਲੀਲ ਨਹੀਂ ਸੀ ਮੰਨੀ।

# ਮਿੱਠਾ ਖਵਾਓ ਅਤੇ ਪਿਆਰ ਵਧਾਓ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਕੌਣ ਨਹੀਂ ਚਾਹੁੰਦਾ ਕਿ ਉਸ ਦੀ ਗਰਲਫ੍ਰੈਂਡ ਖੁਸ਼ ਰਹੇ ਤੇ ਹਰ ਸਮੇਂ ਉਸਦੇ ਬਾਰੇ ਸੋਚੇ, ਪਰ ਇਸ ਦਾ ਤਰੀਕਾ ਕੀ ਹੈ, ਇਹ ਜ਼ਿਆਦਾਤਰ ਲੋਕਾਂ ਨੂੰ ਨਹੀਂ ਪਤਾ। ਇੱਕ ਪੁਰਾਣੀ ਕਹਾਵਤ ਹੈ ਕਿ ਜੇ ਕਿਸੇ ਮਰਦ ਦੇ ਦਿਲ ਤੱਕ ਪਹੁੰਚਣਾ ਹੈ ਤਾਂ ਉਸ ਦਾ ਰਸਤਾ ਉਸ ਦੇ ਪੇਟ 'ਚੋਂ ਹੋ ਕੇ ਜਾਂਦਾ ਹੈ। ਕੀ ਤੁਹਾਨੂੰ ਪਤਾ ਹੈ ਕਿ ਇਹ ਕਹਾਵਤ ਔਰਤਾਂ 'ਤੇ ਵੀ ਸਹੀ ਬੈਠਦੀ ਹੈ।

ਫਿਲਾਡੇਲਫੀਆ ਦੀ ਡ੍ਰੈਕਸੇਲ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਪੈਨਸਿਲਵੇਨੀਆ ਨੇ ਇੱਕ ਸਾਂਝੀ ਸਟੱਡੀ 'ਚ ਇਹ ਨਤੀਜਾ ਕੱਢਿਆ ਕਿ ਜੋ ਔਰਤਾਂ ਸਹੀ ਤਰੀਕੇ ਨਾਲ ਖਾਂਦੀਆਂ ਹਨ, ਉਹ ਭੁੱਖੀਆਂ ਰਹਿਣ ਵਾਲੀਆਂ ਨਾਲੋਂ ਰੋਮਾਂਸ ਜ਼ਿਆਦਾ ਪਸੰਦ ਕਰਦੀਆਂ ਹਨ ਬਜਾਏ।ਇਹ ਸਟੱਡੀ ਬਹੁਤ ਮਜ਼ੇਦਾਰ ਤਰੀਕੇ ਨਾਲ ਹੋਈ ਸੀ। ਨਾਰਮਲ ਭਾਰ ਵਾਲੀਆਂ ਵਿਦਿਆਰਥਣਾਂ ਨੂੰ ਅੱਠ ਘੰਟੇ ਤੱਕ ਭੁੱਖੇ ਰਹਿਣ ਲਈ ਕਿਹਾ ਗਿਆ ਤੇ ਉਨ੍ਹਾਂ ਨੂੰ ਕਈ ਫੋਟੋਆਂ ਦਿਖਾ ਕੇ ਐਮ ਆਰ ਆਈ ਸਕੈਨ ਕੀਤਾ ਗਿਆ। ਮਜ਼ੇਦਾਰ ਗੱਲ ਹੈ ਕਿ ਜਿਨ੍ਹਾਂ ਲੋਕਾਂ ਨੇ ਅੱਠ ਘੰਟੇ ਤੋਂ ਕੁਝ ਨਹੀਂ ਖਾਧਾ ਸੀ, ਉਨ੍ਹਾਂ ਦਾ ਆਮ ਫੋਟੋਆਂ ਜਿਵੇਂ ਸਟੈਪਲ, ਦਰੱਖਤ, ਬਾਲਿੰਗ ਬਾਲ ਲਈ ਉਹੀ ਰੀਐਕਸ਼ਨ ਸੀ, ਜੋ ਰੋਮਾਂਟਿਕ ਫੋਟੋਆਂ ਬਾਰੇ ਸੀ। ਇਨ੍ਹਾਂ ਫੋਟੋਆਂ 'ਚ ਉਨ੍ਹਾਂ ਨੂੰ ਹੱਥ ਫੜੀ ਕਪਲਸ, ਕੈਂਡਲ ਲਾਈਟ ਡਿਨਰ ਆਦਿ ਦੀਆਂ ਤਸਵੀਰਾਂ ਦਿਖਾਈਆਂ ਗਈਆਂ ਸਨ।ਫਿਰ ਇਨ੍ਹਾਂ ਕੁੜੀਆਂ ਨੂੰ ਚਾਕਲੇਟ ਸ਼ੇਕ ਦਿੱਤਾ ਗਿਆ, ਜਿਸਦੀ ਕੈਲੋਰੀ ਲਗੱਭਗ 500 ਸੀ ਤਾਂ ਇਹ ਐਕਸਪੈਰੀਮੈਂਟ ਦੁਹਰਾਇਆ ਗਿਆ। ਹੈਰਾਨੀ ਦੀ ਗੱਲ ਇਹ ਸੀ ਕਿ ਹਿੱਸਾ ਲੈਣ ਵਾਲੀਆਂ ਕੁੜੀਆਂ ਨੇ ਇਸ ਵਾਰ ਰੋਮਾਂਟਿਕ ਤਸਵੀਰਾਂ ਉਤੇ ਬਹੁਤ ਸਟ੍ਰਾਂਗ ਰੀਐਕਸ਼ਨ ਦਿੱਤਾ। ਖੋਜਕਾਰਾਂ ਨੇ ਨਤੀਜਾ ਕੱਢਿਆ ਕਿ ਭੁੱਖੀਆਂ ਔਰਤਾਂ ਦਾ ਸਭ ਤੋਂ ਪਹਿਲਾਂ ਫੋਕਸ ਖਾਣਾ ਹੁੰਦਾ ਹੈ। ਜੇ ਉਹ ਭੁੱਖੀਆਂ ਨਹੀਂ ਤਾਂ ਕਿਸੇ ਹੋਰ ਚੀਜ਼ ਜਿਵੇਂ ਰੋਮਾਂਸ ਜਾਂ ਸੈਕਸ ਆਦਿ 'ਤੇ ਧਿਆਨ ਦੇਂਦੀਆਂ ਹਨ।

ਵਿਗਿਆਨੀਆਂ ਦੀ ਮੰਨੀਏ ਤਾਂ ਚੰਗੀ ਲੁਕਸ, ਮਹਿੰਗੇ ਤੋਹਫੇ ਤੇ ਰੋਮਾਂਟਿਕ ਲਾਈਨਾਂ ਇਹ ਸਭ ਛੁੱਟ ਸਕਦੇ ਹਨ, ਜੇਕਰ ਤੁਹਾਡੀ ਗਰਲਫ੍ਰੈਂਡ ਭੁੱਖੀ ਹੈ। ਨਾਲ ਹੀ ਖਾਣੇ ਤੋਂ ਬਾਅਦ ਉਨ੍ਹਾਂ ਨੂੰ ਸਵੀਟ ਡਿਸ਼ ਖਿਲਾਉਣੀ ਨਾ ਭੁੱਲੋ।ਇੱਕ ਖੋਜ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਜੇਕਰ ਤੁਸੀਂ ਡੇਟ 'ਤੇ ਮਿੱਠਾ ਖਾਂਦੇ ਹੋ ਤਾਂ ਤੁਹਾਡੇ ਰੋਮਾਂਸ ਕਰਨ ਦੇ ਚਾਂਸ ਵੱਧ ਜਾਂਦੇ ਹਨ। ਤੁਸੀਂ ਸੋਚ ਰਹੇ ਹੋਵੇਗੇ ਕਿ ਇਸ ਦੇ ਪਿੱਛੇ ਲਾਜਿਕ ਕੀ ਹੈ? ਤਾਂ ਦੱਸ ਦਈਏ ਕਿ ਮਿੱਠੇ ਨਾਲ ਦਿਮਾਗ 'ਚ ਡੋਪਾਮੀਨ ਦਾ ਲੇਵਲ ਵਧਦਾ ਹੈ। ਇਹ ਨਿਊਰੋਟ੍ਰਾਂਸਮੀਟਰ ਪੈਸ਼ਨੈਟ ਰੋਮਾਂਟਿਕ ਲਵ ਨਾਲ ਜੁੜਿਆ ਹੁੰਦਾ ਹੈ।

# ਮੰਤਰੀ ਨੂੰ ਫੌਜੀ ਬੂਟ ਸਮੇਤ ਵਿਖਾਉਣ ਵਾਲੇ ਪਾਕਿਸਤਾਨੀ ਟੀ ਵੀ ਐਂਕਰ ਨੂੰ ਸਜ਼ਾ

## * ਸ਼ੋਅ ਕਰਨ ਉੱਤੇ 60 ਦਿਨਾਂ ਦੀ ਪਾਬੰਦੀ ਲੱਗੀ

ਇਸਲਾਮਾਬਾਦ, 16 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਟੀ ਵੀ ਐਂਕਰ ਦੇ ਪ੍ਰੋਗਰਾਮ ਉੱਤੇ ਪਾਕਿਸਤਾਨ ਦੀ ਮੀਡੀਆ ਵਾਚਡਾਗ ਨੇ 60 ਦਿਨਾਂ ਦੀ ਪਾਬੰਦੀ ਲਾ ਦਿੱਤੀ ਹੈ। ਉਸ ਉੱਤੇ ਦੋਸ਼ ਹੈ ਕਿ ਉਸ ਨੇ ਆਪਣੇ ਟਾਕ ਸ਼ੋਅ ਵਿੱਚ ਇਸ ਦੇਸ਼ ਦੇ ਇੱਕ ਕੈਬਨਿਟ ਮੰਤਰੀ ਨੂੰ ਫ਼ੌਜ ਦੇ ਬੂਟ ਵਿਚ ਦਿਖਾਇਆ ਸੀ।

ਪਤਾ ਲੱਗਾ ਹੈ ਕਿ ਐਰੀ ਨਿਊਜ਼ ਉੱਤੇ ਕਾਸ਼ਿਫ ਅੱਬਾਸੀ ਦੇ ਪ੍ਰੋਗਰਾਮ 'ਆਫ ਦ ਰਿਕਾਰਡ' ਵਿਚ ਪਾਕਿਸਤਾਨ ਦੇ ਪਾਣੀ ਵਸੀਲਿਆਂ ਬਾਰੇ ਫੈਡਰਲ ਮੰਤਰੀ ਫੈਸਲ ਵਾਵਡਾ ਆਏ ਸਨ ਤੇ ਫ਼ੌਜ ਦਾ ਬੂਟ ਪਾ ਕੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਵੱਲੋਂ ਪਾਰਲੀਮੈਂਟ ਵਿੱਚ ਆਰਮੀ ਐਕਟ ਦੀ ਹਮਾਇਤ ਕਰਨ ਲਈ ਵਿਰੋਧ ਕੀਤਾ ਸੀ। ਇਸ ਪ੍ਰੋਗਰਾਮ ਵਿੱਚ ਸ਼ਾਮਲ ਪੀ ਪੀ ਪੀ ਦੇ ਆਗੂ ਕਮਰ ਜ਼ਮਾਨ ਕੈਰਾ ਅਤੇ ਪੀ ਐੱਮ ਐੱਲ-ਐੱਨ ਆਗੂ ਜਾਵੇਦ ਅੱਬਾਸੀ ਦੋਵੇਂ ਜਣੇ ਵਾਵਡਾ ਦੇ ਬੂਟਾਂ ਉੱਤੇ ਐਂਕਰ ਵੱਲੋਂ ਗੱਲਬਾਤ ਖ਼ਤਮ ਨਾ ਕਰਨ ਦੇ ਰੋਸ ਵਜੋਂ ਪ੍ਰੋਗਰਾਮ ਛੱਡ ਕੇ ਚਲੇ ਗਏ ਸਨ।

ਇਸ ਘਟਨਾ ਦਾ ਨੋਟਿਸ ਲੈਂਦੇ ਹੋਏ ਪਾਕਿਸਤਾਨ ਇਲੈਕਟ੍ਰਾਨਿਕਸ ਮੀਡੀਆ ਰੈਗੂਲੇਟਰੀ ਅਥਾਰਟੀ (ਪੇਮਰਾ) ਨੇ ਇਸ ਨਿਊਜ਼ ਪ੍ਰੋਗਰਾਮ ਅਤੇ ਇਸ ਦੇ ਐਂਕਰ ਦੇ ਖ਼ਿਲਾਫ਼ ਕਾਰਵਾਈ ਕਰਦੇ ਹੋਏ ਮੀਡੀਆ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਹੇਠ ਇਸ ਪ੍ਰੋਗਰਾਮ ਅਤੇ ਐਂਕਰ ਉੱਤੇ 60 ਦਿਨਾਂ ਦੀ ਪਾਬੰਦੀ ਲਾ ਦਿੱਤੀ ਹੈ। ਇਸ ਦੌਰਾਨ ਵਾਵਡਾ ਨੇ ਜਿਓ ਨਿਊਜ਼ ਦੇ ਹਾਮਿਦ ਮੀਰ ਦੇ ਸ਼ੋਅ ਦੌਰਾਨ ਆਪਣੇ ਫ਼ੌਜੀ ਬੂਟ ਪਾਉਣ ਦੀ ਘਟਨਾ ਨੂੰ ਵਿਰੋਧੀ ਧਿਰ, ਖ਼ਾਸ ਕਰ ਉੱਤੇ ਪੀ ਐੱਮ ਐੱਲ-ਐੱਨ ਨੂੰ ਸ਼ੀਸ਼ਾ ਦਿਖਾਉਣ ਲਈ ਸਹੀ ਦੱਸਿਆ, ਪਰ ਇਹ ਵੀ ਮੰਨਿਆ ਕਿ ਉਨ੍ਹਾਂ ਦੀ ਕਾਰਵਾਈ ਹੱਦੋਂ ਵੱਧ ਸੀ। ਉਨ੍ਹਾਂ ਨੇ ਇਸ ਗੱਲ ਤੋਂ ਅਣਜਾਣਤਾ ਪ੍ਰਗਟ ਕੀਤੀ ਕਿ ਇਹ ਮੀਡੀਆ ਬਾਰੇ ਕਾਨੂੰਨ ਦੇ ਖ਼ਿਲਾਫ਼ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਵੀ ਸ਼ੋਅ ਵਿੱਚ ਬੂਟ ਦਿਖਾਉਣ ਦੀ ਘਟਨਾ ਦਾ ਬੁਰਾ ਮਨਾਇਆ ਹੈ।



# ਹਿਮਾਚਲ ਦੇ ਲਾਈਸੈਂਸ ਉਤੇ ਹਰਿਆਣੇ ਵਿੱਚ ਫੈਕਟਰੀ ਪਰਫਿਊਮ ਬਣਾਉਂਦੀ ਫੜੀ

ਰਾਈ, 16 ਜਨਵਰੀ (ਪੋਸਟ ਬਿਊਰੋ)- ਸੀਨੀਅਰ ਡਰੱਗ ਕੰਟ੍ਰੋਲਰ ਦੀ ਟੀਮ ਨੇ ਇੱਕ ਅਜਿਹੀ ਫੈਕਟਰੀ ਫੜੀ ਹੈ, ਜਿਸਦਾ ਲਾਈਸੈਂਸ ਹਿਮਾਚਲ ਪ੍ਰਦੇਸ਼ ਦੇ ਕਾਲਾਅੰਬ ਵਿੱਚ ਹੈ ਅਤੇ ਕਾਸਮੈਟਿਕ ਦਾ ਸਾਮਾਨ ਉਹ ਅਕਬਰਪੁਰ ਬਾਰੋਟਾ ਦੇ ਪਲਾਂਟ ਵਿੱਚ ਬਣਾ ਰਹੇ ਸਨ। ਡਰੱਗ ਕੰਟ੍ਰੋਲਰ ਦੀ ਟੀਮ ਨੇ ਛਾਪਾ ਮਾਰ ਕੇ 306 ਡੀਊ ਦੀ ਪੇਟੀ ਜਬਤ ਕੀਤੀ ਹੈ, ਜਿਸਦੀ ਕੀਮਤ 45 ਲੱਖ ਰੁਪਏ ਦੱਸੀ ਗਈ ਹੈ। ਇਸ ਟੀਮ ਨੇ ਸਾਰੇ ਜਬਤ ਮਾਲ ਨੂੰ ਕੋਰਟ ਵਿੱਚ ਪੇਸ਼ ਕੀਤਾ ਹੈ।

ਸੋਨੀਪਤ ਜ਼ੋਨ ਦੇ ਸੀਨੀਅਰ ਡਰੱਗ ਕੰਟਰੋਲਰ ਗੁਰਚਰਨ ਸਿੰਘ ਅਤੇਡਰੱਗ ਕੰਟ੍ਰੋਲਰ ਸੰਦੀਪ ਹੁਡਾ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਅਕਬਰਪੁਰ ਬਾਰੋਟਾ ਦੀ ਵਨਿਸ਼ਾ ਕਾਸਮੇਟਿਕ ਫੈਕਟਰੀ ਵਿੱਚ ਹਿਮਾਚਲ ਪ੍ਰਦੇਸ਼ ਦੀ ਇੱਕ ਫਰਮ ਦੇ ਲਾਈਸੈਂਸ ਉਤੇ ਡੀਊ ਬਣਾਈ ਜਾ ਰਹੀ ਹੈ। ਦੋਵਾਂ ਅਧਿਕਾਰੀਆਂ ਦੀ ਟੀਮ ਨੇ ਫੈਕਟਰੀ ਵਿੱਚ ਛਾਪਾ ਮਾਰਿਆ ਤਾਂ ਉਸ ਥਾਂ ਡੇਰਵਰ ਮਾਰਕ ਦੇ ਪਰਫਿਊਮ ਬਣ ਰਹੇ ਸਨ। ਜਦੋਂ ਇਸ ਮਾਰਕ ਦਾ ਲਾਈਸੈਂਸ ਚੈਕ ਕੀਤਾ ਤਾਂ ਇਹ ਹਿਮਾਚਲ ਪ੍ਰਦੇਸ਼ ਦੇ ਕਾਲਾਅੰਬ ਫੈਕਟਰੀ ਦਾ ਸੀ। ਡਰੱਗ ਐਕਟ ਦੇ ਤਹਿਤ ਕੋਈ ਕੰਪਨੀ ਇਸ ਲਾਈਸੈਂਸ ਦੀ ਵਰਤੋਂ ਦੂਸਰੇ ਰਾਜ ਵਿੱਚ ਨਹੀਂ ਕਰ ਸਕਦੀ। ਟੀਮ ਨੇ ਫੈਕਟਰੀ ਤੋਂ 306 ਪੇਟੀਆਂ ਜਬਤ ਕੀਤੀਆਂ ਹਨ। ਇਨ੍ਹਾਂ ਸਾਰੀਆਂ ਪੇਟੀਆਂ ਵਿੱਚ ਡੇਨਵਰ ਮਾਰਕ ਦਾ ਸੇਂਟ ਭਰਾ ਹੋਇਆ ਸੀ। ਟੀਮ ਨੇ ਸਾਰੀਆਂ ਪੇਟੀਆਂ ਸੀਲ ਕਰ ਦਿੱਤੀਆਂ ਹਨ।

# ਗੈਸ ਕਟਰ ਨਾਲ ਏਟੀਐਮ ਕੱਟਿਆ, 31.60 ਲੱਖ ਰੁਪਏ ਲੁੱਟੇ

ਪਲਵਲ (ਹਰਿਆਣਾ), 16 ਜਨਵਰੀ (ਪੋਸਟ ਬਿਊਰੋ)- ਨੇਸ਼ਨਲ ਹਾਈਵੇ ਵਿਖੇ ਐਲ ਆਈ ਸੀ ਆਫਿਸ ਦੇ ਬਾਹਰ ਲਗੀ ਸਟੇਟ ਬੈਂਕ (ਐਸ ਬੀ ਆਈ) ਦੀ ਏਟੀਐਮ ਮਸ਼ੀਨ ਨੂੰ ਕੱਲ੍ਹ ਰਾਤ ਚੋਰਾਂ ਨੇ ਗੈਸ ਕਟਰ ਨਾਲ ਕੱਟ ਦਿੱਤਾ ਅਤੇ ਮਸ਼ੀਨ ਵਿੱਚ ਰੱਖੇ ਕਰੀਬ 31.60 ਲੱਖ ਰੁਪਏ ਸਾਫ ਕਰ ਗਏ। ਕੈਂਪ ਥਾਣਾ ਦੇ ਇੰਚਾਰਜ ਦੇਵੇਂਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਅੱਠ ਵਜੇ ਏਟੀਐਮ ਮਸ਼ੀਨ 'ਤੇ ਡਿਊਟੀ ਕਰਨ ਵਾਲਾ ਗਾਰਡ ਸੁਖਬੀਰ ਮਸ਼ੀਨ ਦੇ ਸ਼ਟਰ ਦਾ ਤਾਲਾ ਲਾ ਕੇ ਘਰ ਚੱਲਾ ਗਿਆ, ਜਿਸਦੇ ਬਾਅਦ ਰਾਤ ਵਿੱਚ ਚੋਰਾਂ ਨੇ ਤਾਲਾ ਤੋੜ ਦਿੱਤਾ ਤੇ ਮਸ਼ੀਨ ਨੂੰ ਕੱਟ ਕੇ ਕਰੀਬ 31.60 ਲੱਖ ਨਕਦੀ ਲੈ ਗਏ। ਸਵੇਰੇ ਜਦੋਂ ਗਾਰਡ ਪਹੁੰਚਿਆ ਤਾਂ ਤਾਲਾ ਟੁਟਿਆ ਪਿਆ ਸੀ। ਗਾਰਡ ਨੇ ਸੂਚਨਾ ਬੈਂਕ ਅਧਿਕਾਰੀਆਂ ਅਤੇ ਪੁਲਸ ਨੂੰ ਦਿੱਤੀ। ਪੁਲਸ ਨੇ ਸ਼ਟਰ ਖੁਲ੍ਹਵਾਇਆ ਤਾਂ ਮਸ਼ੀਨ ਦੇ ਪੈਸੇ ਗਾਇਬ ਸਨ। ਏਟੀਐਮ ਮਸ਼ੀਨ ਅਤੇ ਉਸ ਦੇ ਕੈਬਿਨ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ 'ਤੇ ਚੋਰਾਂ ਨੇ ਪਹਿਲਾਂ ਕਾਲੇ ਰੰਗ ਦਾ ਪੇਂਟ ਸਪਰੇਅ ਕਰ ਦਿੱਤਾ ਸੀ। ਇਸਦੇ ਬਾਅਦ ਵਾਰਦਾਰ ਕੀਤੀ ਸੀ।








Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Toronto $2,150** For Lease
Bathurst & Lake Shore: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** Photo Not Available
120 Whitmore Rd 15: Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** Gino's Pizza
136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** Photo Not Available
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**
328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** Photo Not Available
7120 Pacific Circ B: Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000**
Northshore Blvd To Eagle :Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**
Qew And Hurontario :Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**
29 Phillip Ave:
For any information call Paramjeet Deol at 905-405-8484.

**Brampton $983,000**
87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**
Mavis/Derry:Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** Photo Not Available
115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019



ਬੀਤੇ ਦਿਨੀਂ ਸਰਦਾਰ ਓਂਕਾਰ ਸਿੰਘ ਸਹੋਤਾ ਨੇ ਆਪਂਣੇ ਪੋਤਰੇ ਦੇ ਜਨਮਦਿਨ ਦੀ ਖੁਸ਼ੀ 'ਚ ਜੋ ਸ. ਰਣਜੀਤ ਸਿੰਘ ਸਹੋਤਾ ਦਾ ਪੁੱਤਰ ਹੈ, ਇਕ ਵਡਡੀ ਪਾਰਟੀ ਕੀਤੀ। ਜਿਸ ਵਿਚ ਪਚਾਸੀ ਤੇ ਨੱਬੇਆਂ ਦੇ ਨੌਜਵਾਨਾਂ ਰੱਜ ਰੱਜ ਕੇ ਮਿਠਾਈਆਂ ਖਾਦੀਆਂ। ਸਾਰਿਆਂ ਨੇ ਓਂਕਾਰ ਸਿੰਘ ਸਹੋਤਾ ਨੂੰ ਪੋਤੇ ਦੇ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ ਆਖ਼ਰ ਤੇ ਸਰਦਾਰ ਸੁਲੱਖਣ ਸਿੰਘ ਅਟਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਬੀ.ਸੀ. 'ਚ ਭਾਰੀ ਬਰਫਬਾਰੀ, ਜਨਜੀਵਨ ਪ੍ਰਭਾਵਿਤ, ਸਕੂਲ ਬੰਦ

ਸਰੀ, 16 ਜਨਵਰੀ (ਪੋਸਟ ਬਿਊਰੋ): ਬੀ.ਸੀ. ਵਿਚ ਹੋ ਰਹੀ ਭਾਰੀ ਬਰਫਬਾਰੀ ਕਾਰਨ ਸਭ ਪਾਸੇ ਸੜਕਾਂ, ਗਲੀਆਂ ਉਪਰ ਚਿੱਟੀ ਚਾਦਰ ਵਿਛ ਗਈ ਹੈ। ਤੂਫਾਨ ਦੇ ਬਾਅਦ ਕਈ ਇਲਾਕਿਆਂ ਵਿੱਚ ਘੱਟੋ ਘੱਟ 25 ਸੈਂਟੀਮੀਟਰ ਬਰਫਬਾਰੀ ਹੋ ਗਈ ਹੈ। ਬੇਸ਼ੱਕ ਸਥਾਨਕ ਸਿਟੀ ਕੌਂਸਲਾਂ ਵੱਲੋਂ ਸੜਕਾਂ ਉਪਰ ਲੂਣ ਪਾਉਣ ਅਤੇ ਸੜਕਾਂ ਤੋਂ ਬਰਫ ਹਟਾਉਣ ਦੀਆਂ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਰੁਕ ਰੁਕ ਕੇ ਹੋ ਰਹੀ ਬਰਫਬਾਰੀ ਦੇ ਸਾਹਵੇਂ ਇਹ ਯਤਨ ਫਿੱਕੇ ਪੈ ਰਹੇ ਹਨ। ਸੜਕਾਂ ਸਲਿਪਰੀ ਹੋਣ ਕਾਰਨ ਅਤੇ ਵਾਤਾਵਰਣ ਕੈਨੇਡਾ ਤੇ ਟਰਾਂਸਪੋਰਟ ਮਹਿਕਮੇ ਦੀਆਂ ਚਿਤਾਵਨੀਆਂ ਕਾਰਨ ਕੱਲ੍ਹ ਬੁੱਧਵਾਰ ਨੂੰ ਬਹੁਤ ਘੱਟ ਲੋਕ ਸੜਕਾਂ ਤੇ ਨਿਕਲੇ। ਬੀ.ਸੀ. ਦੇ ਤਕਰੀਬਨ ਸਾਰੇ ਸ਼ਹਿਰਾਂ ਵਿਚ ਕੱਲ੍ਹ ਸਕੂਲ ਬੰਦ ਰਹੇ। ਵਪਾਰਕ ਸਥਾਨਾਂ ਤੇ ਵੀ ਕਿਧਰੇ ਰੌਣਕ ਨਹੀਂ ਦਿਸੀ। ਲੋਕ ਵਾਰ ਵਾਰ ਆਪਣੇ ਡਰਾਈਵ ਵੇ ਵਿੱਚੋਂ ਬਰਫ ਹਟਾਉਂਦੇ ਅਤੇ ਕਾਰਾਂ ਸਾਫ ਕਰਦੇ ਦੇਖੇ ਗਏ। ਬੁੱਧਵਾਰ ਨੂੰ ਗ੍ਰੇਟਰ ਵੈਨਕੂਵਰ ਖੇਤਰ, ਫਰੇਜ਼ਰ ਵੈਲੀ ਅਤੇ ਵੈਨਕੂਵਰ ਆਈਲੈਂਡ ਖੇਤਰਾਂ ਵਿੱਚ ਸਾਰੇ ਸਕੂਲ ਬੰਦ ਕਰਨੇ ਪਏ। ਖਰਾਬ ਮੌਸਮ ਕਾਰਨ ਕੈਨੇਡਾ ਪੋਸਟ ਵੱਲੋਂ ਬੁੱਧਵਾਰ ਨੂੰ ਡਾਕ ਵੰਡਣ ਦਾ ਕਾਰਜ ਵੀ ਮੁਅੱਤਲ ਕਰ ਦਿੱਤਾ ਗਿਆ ਸੀ।

ਵਾਤਵਰਣ ਕੈਨੇਡਾ ਵੱਲੋਂ ਵੀਰਵਾਰ ਨੂੰ ਫਿਰ ਮੈਟਰੋ ਵੈਨਕੂਵਰ ਵਿਚ ਤੇਜ਼ ਹਵਾਵਾਂ ਚੱਲਣ ਅਤੇ ਭਾਰੀ ਬਰਫਬਾਰੀ ਹੋਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ ਜਿਸ ਕਾਰਨ ਬ੍ਰਿਜ ਅਤੇ ਹਾਈਵੇਅ ਬੰਦ ਹੋ ਸਕਦੇ ਹਨ। ਟਰਾਂਸਪੋਰਟ ਵਿਭਾਗ ਦਾ ਕਹਿਣਾ ਹੈ ਕਿ ਜੇ ਤੂਫਾਨ ਤੇਜ਼ ਹੋਇਆ ਤਾਂ ਸੁਰੱਖਿਆ ਨੂੰ ਮੁੱਖ ਰੱਖਦਿਆਂ ਵੀਰਵਾਰ ਨੂੰ ਪੁਲ ਅਤੇ ਰਾਜਮਾਰਗਾਂ ਨੂੰ ਬੰਦ ਕਰਨਾ ਪੈ ਸਕਦਾ ਹੈ। ਵਿਭਾਗ ਨੇ ਇਹ ਵੀ ਕਿਹਾ ਕਿ ਹਾਈਵੇ 1 ਤੇ ਹੋਪ ਤੋਂ ਪੱਛਮ ਵੱਲ ਜਾਣ ਵਾਲੀਆਂ ਲੇਨਜ਼ ਨੂੰ ਬਰਫਬਾਰੀ ਕਾਰਨ ਦੁਬਾਰਾ ਬੰਦ ਕੀਤਾ ਜਾ ਸਕਦਾ ਹੈ, ਪੂਰਬ ਵੱਲ ਜਾਣ ਵਾਲੀਆਂ ਲੇਨਜ਼ ਮੰਗਲਵਾਰ ਸਵੇਰ ਤੋਂ ਬੰਦ ਕਰ ਦਿੱਤੀਆਂ ਗਈਆਂ ਹਨ।

# ਗਲੋਬਲ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਦਾ ਆਗਾਜ਼







ਜਲੰਧਰ, 17 ਜਨਵਰੀ (ਗਿਆਨ ਸਿੰਘ): ਗਲੋਬਲ ਮੀਡੀਆ ਅਕਾਦਮੀ ਦੇ ਸਹਿਯੋਗ ਨਾਲ ਪੰਜਵੀ ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸ ਦਾ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸ਼ਾਹਪੁਰ ਕੈਂਪਸ ਵਿਖੇ ਆਗਾਜ਼ ਹੋਇਆ।

ਇਸ ਸਾਮਗਮ ਵਿੱਚ ਮੁੱਖ ਮਹਿਮਾਨ ਸੈਂਟਰਲ ਯੂਨੀਵਰਸਿਟੀ ਪੰਜਾਬ ਦੇ ਚਾਂਸਲਰ ਡਾ.ਸਰਦਾਰਾ ਸਿੰਘ ਜੌਹਲ, ਐਨਡੀਟੀਵੀ ਦੇ ਜਾਣੇ-ਪਹਿਚਾਣੇ ਪਤਰਕਾਰ ਆਸ਼ੂਤੋਸ਼, ਡਾ. ਲਖਵਿੰਦਰ ਜੌਹਲ, ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਓਮ ਗੌਰੀ ਦੱਤ ਸ਼ਰਮਾ, ਅਜੀਤ ਸਮਾਚਾਰ ਪਤਰ ਦੇ ਕਾਰਜਕਾਰੀ ਸੰਪਾਦਕ ਸਤਨਾਮ ਐਸ ਮਾਣਕ, ਜਸ ਪੰਜਾਬੀ ਦੇ ਕੇ.ਪੀ ਸਿੰਘ, ਰੇਡੀਓ ਆਪਣਾ ਵਿੰਨੀਪਿੱਗ ਕੈਨੇਡਾ ਤੋਂ ਮਨਧੀਰ ਕੌਰ ਮੰਨੂ, ਡਾ. ਸ਼ਾਮ ਦੀਪਤੀ ਅਤੇ ਡਾ.ਆਸ਼ਾ ਸਿੰਘ ਘੁਮਣ ਹਾਜ਼ਿਰ ਸਨ।

ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ, ਗਲੋਬਲ ਮੀਡੀਆ ਅਦਾਕਮੀ ਦੇ ਚੇਅਰਮੈਨ ਪ੍ਰੋਫੈਸਰ ਕੁਲਬੀਰ ਸਿਘ, ਉਪ-ਚੇਅਰਮੈਨ ਸਤਨਾਮ ਸਿੰਘ ਮਾਣਕ, ਸੱਚਿਵ ਦੀਪਕ ਬਾਲੀ ਨੇ ਮੁੱਖ ਮਹਿਮਾਣਾ ਦਾ ਸਵਾਗਤ ਕੀਤਾ। ਇਸ ਕਾਨਫਰੰਸ ਵਿੱਚ ਸੀਟੀ ਇੰਸੀਟਚੂਊਸ਼ਨਜ਼ ਮਕਸੂਦਾਂ ਕੈਂਪਸ, ਡੀਏਵੀ ਕਾਲਜ, ਦੋਆਬਾ ਕਾਲਜ ਦੇ ਪਤਰਕਾਰੀ ਵਿਦਿਆਰਥੀ ਸ਼ਾਮਿਲ ਹੋਏ।

ਡਾ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਮੀਡੀਆ ਦੇਸ਼ ਦਾ ਚੌਥਾ ਥੰਮ ਹੈ, ਜੱਦੋ ਇਹ ਜਾਗੇਗਾ, ਸੋਚੇਗਾ, ਲਿਖੇਗਾ ਉੱਦੋਂ ਹੀ ਹਰ ਸੱਚੀ ਘਟਨਾ ਸਾਡੇ ਸਾਹਮਣੇ ਆਵੇਗੀ। ਅੱਜ ਦੇ ਸਮੇਂ ਵਿੱਚ ਭਾਰਤ ਦੀ ਆਰਥਿਕ ਹਾਲਤ, ਸੀ.ਏ.ਏ, ਜੀਐਸਟੀ ਆਦਿ ਤੇ ਗੱਲ ਕਿਓ ਨਹੀਂ ਹੁੰਦੀ ਹੈ। ਜੇਕਰ ਗੱਲ ਪੰਜਾਬ ਦੀ ਕਰੀਏ ਤਾਂ ਸਾਬਕਾ ਸੀ.ਐਮ. ਪ੍ਰਕਾਸ਼ ਸਿੰਘ ਬਾਦਲ ਲੱਖਾ ਰੁਪਏ ਪੈਨਸ਼ਨ ਦੇ ਤੌਰ ਤੇ ਲੈ ਰਿਹਾ ਹੈ। ਕੀ ਸੀ.ਐਮ, ਐਮ.ਐਲ.ਏ ਨੂੰ ਪੈਨਸ਼ਨ ਦੇਣਾ ਸਹੀ ਹੈ ਅਤੇ ਕਿ ਉਨ੍ਹਾਂ ਦਾ ਪੈਨਸ਼ਨ ਲੈਣਾ ਸਹੀ ਹੈ? ਮੀਡੀਆ ਇਨ੍ਹਾਂ ਗੱਲਾਂ ਦੀ ਗੱਲ ਕਿਉ ਗੱਲ ਨਹੀਂ ਕਰਦਾ ਹੈ। ਅੱਜ ਦੇ ਸਮੇਂ ਵਿੱਚ ਇੰਜ ਲੱਗ ਰਿਹਾ ਹੈ ਜਿਵੇਂ ਮੀਡੀਆ ਸੋ ਰਿਹਾ ਹੈ ਤੇ ਦੇਸ਼ ਰੋ ਰਿਹਾ ਹੈ। ਮੈਂ ਨੌਜਵਾਨਾ ਅਤੇ ਖਾਸਕਰ ਮੀਡੀਆ ਪੇਸ਼ੇ ਨਾਲ ਸੰਬੰਧਿਤ ਲੋਕਾਂ ਨਾਲ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਾਗੋ, ਸੋਚੋ ਅਤੇ ਦੇਸ਼ ਨੂੰ ਬਚਾਓ।

ਆਸ਼ੂਤੋਸ਼ ਨੇ ਕਿਹਾ ਕਿ ਅੱਜ ਦੇ ਤਾਜਾ ਹਾਲਾਤਾਂ ਦਾ ਸੱਭ ਤੋਂ ਵੱਡਾ ਖਤਰਾ ਪੱਤਰਕਾਰਿਤਾ ਨੂੰ ਹੈ। ਕਿਉਕਿ ਜੇਕਰ ਤੁਸੀਂ ਸਰਕਾਰ ਵਿੱਚ ਹੋ ਤਾਂ ਸੱਚ ਲੁਕਾ ਸੱਕਦੇ ਹੋ। ਪੱਤਰਕਾਰ ਉਹੀਂ ਹੈ ਜੋ ਉਹ ਦੇਖਦਾ ਹੈ, ਬੋਲਦਾ ਹੈ ਅਤੇ ਸੱਚ ਜਨਤਾ ਦੇ ਸਾਮਹਣੇ ਲਿਆਉਦਾ ਹੈ, ਪਰ ਅੱਜ ਦੇ ਸਮੇਂ ਵਿੱਚ ਲੋਕਾਂ ਅੱਗੇ ਸੱਚ ਲਿਆਉਣਾ ਬਹੁਤ ਔਖਾ ਹੈ। ਜੋ ਪਤਰਕਾਰ ਅਤੇ ਨਯੂਜ ਚੈਨਲ ਸੱਚ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਉਸਨੂੰ ਬੰਦ ਕਰਵਾ ਦਿੱਤਾ ਜਾਂਦਾ ਹੈ। ਜੋ ਮੀਡੀਆ ਲਈ ਬਹੁਤ ਵੱਡਾ ਖਤਰਾ ਹੈ।

ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਹੱਥ ਹੈ। ਜੇਕਰ ਨੌਜਵਾਨ ਸਵਾਲ ਕਰਨਗੇ ਤਾਂਹਿ ਦੇਸ਼ ਨੂੰ ਸਹੀ ਜਵਾਬ ਮਿਲੇਗਾ।

# 84' ਕਤਲ-ਏ-ਆਮ ਬਾਰੇ ਸੁਖਬੀਰ ਨੇ ਕਿਹਾ ਕਿ ਕੋਈ ਵੀ ਦਰੱਖਤ ਇਨ੍ਹਾਂ ਵੱਡਾ ਨਹੀਂ ਹੁੰਦਾ ਕਿ ਡਿੱਗਣ ਵੇਲੇ ਧਰਤੀ ਕੰਬਣ ਲਾ ਦੇਵੇ

**– ਪੰਜਾਬ ਦੇ ਕਾਂਗਰਸੀਆਂ ਉੱਤੇ ਆਪਣੇ ਰਿਸ਼ਤੇਦਾਰਾਂ ਦੇ ਕਾਤਿਲਾਂ ਨਾਲ ਰਲਣ ਦਾ ਦੋਸ਼ ਲਾਇਆ**

**– ਕਿਹਾ ਕਿ ਸਿੱਖਾਂ ਦੇ ਕਾਤਿਲਾਂ ਨਾਲ ਨਾਤਾ ਤੋੜਣ ਦੀ ਨੈਤਿਕ ਦਲੇਰੀ ਵਿਖਾਓ**



ਚੰਡੀਗੜ੍ਹ, 16 ਜਨਵਰੀ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪੰਜਾਬ ਦੇ ਕਾਂਗਰਸੀ ਆਗੂਆਂ ਨੂੰ ਕਿਹਾ ਹੈ ਕਿ ਉਹ ਹਜ਼ਾਰਾਂ ਸਿੱਖ ਦੇ ਕਾਤਿਲਾਂ ਨਾਲ ਸਾਰੇ ਨਾਤੇ ਤੋੜਣ ਦੀ ਨੈਤਿਕ ਦਲੇਰੀ ਵਿਖਾਉਣ। ਉਹਨਾਂ ਕਿਹਾ ਕਿ ਇਹਨਾਂ ਕਾਤਿਲਾਂ ਨੂੰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਸਿਰਫ ਹੱਲਾਸ਼ੇਰੀ ਹੀ ਨਹੀਂ ਸੀ ਦਿੱਤੀ ਗਈ, ਸਗੋਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸਮੇਤ ਹਾਈ ਕਮਾਂਡ ਦੇ ਆਗੂਆਂ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਨੇ ਅੱਗੇ ਲੱਗ ਕੇ ਇਹਨਾਂ ਕਾਤਿਲਾਂ ਦੀ ਅਗਵਾਈ ਕੀਤੀ ਸੀ। ਉਹਨਾਂ ਕਿਹਾ ਕਿ ਤੁੱਛ ਸਿਆਸੀ ਫਾਇਦਿਆਂ ਖਾਤਿਰ ਇਹਨਾਂ ਕਾਤਿਲਾਂ ਦੇ ਦਰਾਂ ਅੱਗੇ ਖੜ੍ਹ ਕੇ ਉਡੀਕ ਕਰਦਿਆਂ ਪੰਜਾਬ ਦੇ ਕਿਸੇ ਵੀ ਕਾਂਗਰਸੀ ਆਗੂ ਨੂੰ ਕਦੇ ਉਸ ਦੀ ਜ਼ਮੀਰ ਨੇ ਨਹੀਂ ਝੰਜੋੜਿਆ।

ਬਾਦਲ ਸਿੱਟ ਦੇ ਮੁਖੀ ਦਿੱਲੀ ਹਾਈਕੋਰਟ ਦੇ ਜਸਟਿਸ (ਸੇਵਾ-ਮੁਕਤ) ਸ੍ਰੀ ਐਸ ਐਨ ਢੀਂਗਰਾ ਦੀ ਰਿਪੋਰਟ ਬਾਰੇ ਟਿੱਪਣੀਆਂ ਕਰ ਰਹੇ ਸਨ। ਉਹਨਾਂ ਕਿਹਾ ਕਿ ਇਸ ਰਿਪੋਰਟ ਨੇ ਕਾਂਗਰਸ ਦੇ ਅਪਰਾਧ ਦੇ ਆਖਰੀ ਕੱਜਣ ਚੁੱਕ ਦਿੱਤਾ ਹੈ ਅਤੇ ਸਾਬਿਤ ਕਰ ਦਿੱਤਾ ਹੈ ਕਿ 1984 ਵਿਚ ਸਿੱਖਾਂ ਦਾ ਕੀਤਾ ਕਤਲੇਆਮ ਇੱਕ ਯੋਜਨਾਬੱਧ ਨਸਲਕੁਸ਼ੀ ਸੀ। ਪੰਜਾਬੀਆਂ ਨੂੰ ਵਿਸ਼ਵਾਸ਼ ਕਰਨਾ ਔਖਾ ਲੱਗ ਰਿਹਾ ਹੈ ਕਿ ਉਹਨਾਂ ਦੇ ਸੂਬੇ ਦੇ ਕਾਂਗਰਸੀ ਆਗੂ ਖਾਸ ਕਰਕੇ ਜੋ ਸਿੱਖ ਭਾਈਚਾਰੇ ਨਾਲ ਸੰਬੰਧਤ ਹਨ, ਉਹ ਆਪਣੇ ਨਿਰਦੋਸ਼ ਰਿਸ਼ਤੇਦਾਰਾਂ ਦੇ ਕਾਤਲਾਂ ਨਾਲ ਖਾਣਾ ਖਾਣ ਅਤੇ ਸ਼ਰਾਬਾਂ ਪੀਣ ਮਗਰੋਂ ਅਰਾਮ ਦੀ ਨੀਂਦ ਕਿਵੇਂ ਸੌਂ ਸਕਦੇ ਹਨ?

ਬਾਦਲ ਨੇ ਕਿਹਾ ਕਿ ਜਦੋਂ ਰਾਜੀਵ ਗਾਂਧੀ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲੇਆਮ ਨੂੰ ਇਹ ਕਹਿ ਕੇ ਸਹੀ ਠਹਿਰਾਉਂਦਾ ਸੀ ਕਿ ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ ਤਾਂ ਪੰਜਾਬ ਦੇ ਕਾਂਗਰਸੀ ਤਾੜੀਆਂ ਮਾਰਦੇ ਸਨ। ਉਹਨਾਂ ਕਿਹਾ ਕਿ ਰਾਜੀਵ ਗਾਂਧੀ ਦਰਅਸਲ ਭੁੱਲ ਗਿਆ ਸੀ ਕਿ ਦੁਨੀਆਂ ਦਾ ਕੋਈ ਵੀ ਦਰੱਖਤ ਇੰਨਾ ਵੱਡਾ ਨਹੀਂ ਹੁੰਦਾ ਕਿ ਉਹ ਦੁਨੀਆਂ ਨੂੰ ਕੰਬਣ ਲਾ ਦੇਵੇ। ਜੋ ਕੁੱਝ 1984 ਵਿਚ ਵਾਪਰਿਆ ਸੀ, ਉਹ ਮਨੁੱਖਤਾ ਅਤੇ ਕੁਦਰਤ ਦਾ ਕਤਲੇਆਮ ਸੀ। ਆਉਣ ਵਾਲੀਆਂ ਸਦੀਆਂ ਤਕ ਕਾਂਗਰਸ ਪਾਰਟੀ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਉਹਨਾਂ ਕਿਹਾ ਕਿ ਪਰ ਪੰਜਾਬ ਦੇ ਕਾਂਗਰਸੀ ਅਜੇ ਵੀ ਸੱਤਾ ਦੇ ਸੁੱਖ ਖਰੀਦਣ ਲਈ ਹਜ਼ਾਰਾਂ ਸਿੱਖਾਂ ਦੇ ਖੂਨ ਨੂੰ ਖੁਸ਼ੀ ਖੁਸ਼ੀ ਵੇਚ ਰਹੇ ਹਨ। ਪਰ ਉਹ ਕੁਦਰਤ ਦੇ ਇਨਸਾਫ ਤੋਂ ਕਦੇ ਨਹੀਂ ਬਚ ਪਾਉਣਗੇ।


ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਜ਼ਿਆਦਾ ਦੇਰ ਨਹੀਂ ਲੱਗਣੀ ਇਸ ਦੇਸ਼ ਦਾ ਕਾਨੂੰਨ ਜਲਦੀ ਹੀ ਕਮਲ ਨਾਥ ਵਰਗਿਆਂ ਨੂੰ ਵੀ ਗਰਦਨ ਤੋਂ ਫੜ ਲਵੇਗਾ। ਉਹਨਾਂ ਕਿਹਾ ਕਿ ਅਸੀਂ ਦੇਸ਼ ਦੀ ਨਿਆਂਪਾਲਿਕਾ ਦੇ ਧੰਨਵਾਦੀ ਹਾਂ, ਜਿਸ ਨੇ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਪਰ ਨਿਆਂਪਾਲਿਕਾ ਨੂੰ ਵੀ ਅਪਰਾਧ ਦੇ ਤੱਥ ਇਸ ਅੱਗੇ ਰੱਖੇ ਜਾਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਅਸੀਂ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਹੁਣ ਨਰਿੰਦਰ ਮੋਦੀ ਦੀ ਅਗਵਾਈ ਵਾਲੀਆਂ ਐਨਡੀਏ ਸਰਕਾਰਾਂ ਦੇ ਸ਼ੁਕਰਗੁਜ਼ਾਰ ਹਾਂ।

ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਪਿਛਲੇ 35 ਸਾਲਾਂ ਤੋਂ ਕਾਂਗਰਸ ਹਾਈ ਕਮਾਂਡ ਆਪਣਾ ਪਰਦਾਫਾਸ਼ ਹੋਣ ਦੇ ਡਰ ਤੋਂ ਇਸ ਕਤਲੇਆਮ ਲਈ ਵਰਤੇ ਗਏ ਉਹਨਾਂ ਨਿਰਦਈ ਅਪਰਾਧੀਆਂ ਨੂੰ ਬਚਾਉਂਦੀ ਆ ਰਹੀ ਹੈ। ਉਹਨਾਂ ਕਿਹਾ ਕਿ ਮਾਫੀਆ ਗੈਂਗ ਕਲਚਰ ਵਾਂਗ ਗਾਂਧੀਆਂ ਦਾ ਘਰ ਇਹਨਾਂ ਭਾੜੇ ਦੇ ਕਾਤਿਲਾਂ ਦੇ ਪਿੱਛੇ ਚੱਟਾਨ ਵਾਂਗ ਖੜ੍ਹਿਆ ਹੈ। ਰਾਜੀਵ ਗਾਂਧੀ ਇਹਨਾਂ ਕਾਤਿਲਾਂ ਦਾ ਸਰਗਨਾ ਬਣ ਕੇ ਹੀ ਖੁਸ਼ ਨਹੀਂ ਸੀ ਹੋਇਆ, ਸਗੋਂ ਇਹਨਾਂ ਨੂੰ ਕੈਬਨਿਟ ਦੇ ਅਹੁਦਿਆਂ ਨਾਲ ਵੀ ਨਿਵਾਜਿਆ ਸੀ। ਇੱਕ ਤੋਂ ਬਾਅਦ ਇੱਕ ਦੇਸ਼ ਦੇ ਉੱਘੇ ਨਾਗਰਿਕ ਗਾਂਧੀ ਖਾਨਦਾਨ ਦੇ ਗੁੰਡਿਆਂ ਵੱਲੋਂ ਕਤਲੇਆਮ ਵਿਚ ਨਿਭਾਈ ਸਿੱਧੀ ਭੂਮਿਕਾ ਦੇ ਸਬੂਤ ਲੈ ਕੇ ਅੱਗੇ ਆ ਰਹੇ ਹਨ। ਉਹਨਾਂ ਕਿਹਾ ਕਿ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਬਣੀ ਸਥਿਰ ਗੈਰ-ਕਾਂਗਰਸੀ ਸਰਕਾਰ ਮਗਰੋਂ ਹੀ ਕਾਂਗਰਸ ਦੀ ਅਲਮਾਰੀ ਵਿਚੋਂ ਇਸ ਅਪਰਾਧ ਦੇ ਪਿੰਜਰ ਬਾਹਰ ਆਉਣੇ ਸ਼ੁਰੂ ਹੋਏ ਸਨ।

ਬਾਦਲ ਨੇ ਕਿਹਾ ਕਿ ਰਾਜੀਵ ਗਾਂਧੀ ਦੇ ਚਹੇਤੇ ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਸਮੇਤ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਤਾਕਤਵਰ ਕਾਤਿਲਾਂ ਦਾ ਕਦੇ ਵੀ ਪਰਦਾਫਾਸ਼ ਨਹੀਂ ਸੀ ਹੋਣਾ ਅਤੇ ਨਾ ਹੀ ਉਹਨਾਂ ਦੇ ਪਾਪਾਂ ਦੀ ਸਜ਼ਾ ਮਿਲਣੀ ਸ਼ੁਰੂ ਹੋਣੀ ਸੀ, ਜੇਕਰ ਵਾਜਪਾਈ ਸਾਹਿਬ ਨੇ ਇਸ ਮਾਮਲੇ ਵਿਚ ਨਿੱਜੀ ਅਤੇ ਮਾਨਵਵਾਦੀ ਰੁਚੀ ਨਾ ਵਿਖਾਈ ਹੁੰਦੀ। ਉਹਨਾਂ ਕਿਹਾ ਕਿ ਪਰ ਪੰਜਾਬ ਵਿਚ ਸਾਰਿਆਂ ਨੂੰ ਇਹ ਗੱਲ ਹੈਰਾਨ ਕਰਦੀ ਹੈ ਕਿ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਆਪਣੇ ਭਾਈਚਾਰੇ ਦੇ ਕਾਤਿਲਾਂ ਦੀ ਸੇਵਾ ਕਰਨਾ ਫਿਰ ਵੀ ਜਾਰੀ ਰੱਖਿਆ ਅਤੇ ਅਜੇ ਵੀ ਕਰ ਰਹੇ ਹਨ।

# ਅਮਰੀਕਾ 'ਚ ਮਰਦਮਸ਼ੁਮਾਰੀ ਸਮੇਂ ਸਿੱਖਾਂ ਨੂੰ ਵੱਖਰੀ ਮਾਨਤਾ ਦੇਣ ਦਾ ਭਾਈ ਲੌਂਗੋਵਾਲ ਵੱਲੋਂ ਸਵਾਗਤ

ਅੰਮ੍ਰਿਤਸਰ, 16 ਜਨਵਰੀ (ਗਿਆਨ ਸਿੰਘ) ਅਮਰੀਕਾ ਅੰਦਰ ਇਸ ਸਾਲ ਹੋਣ ਜਾ ਰਹੀ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਨਾਲ ਪੂਰੇ ਵਿਸ਼ਵ ਅੰਦਰ ਸਿੱਖ ਪਛਾਣ ਨੂੰ ਹੋਰ ਬਲ ਮਿਲੇਗਾ। ਅਮਰੀਕਾ ਸਰਕਾਰ ਦਾ ਇਹ ਫੈਸਲਾ ਬੇਹੱਦ ਸਲਾਹੁਣਯੋਗ ਹੈ, ਜਿਸ ਨਾਲ ਸਿੱਖ ਜਗਤ ਅੰਦਰ ਖੁਸ਼ੀ ਦੀ ਲਹਿਰ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਜਾਰੀ ਇਕ ਪ੍ਰੈੱਸ ਬਿਆਨ ਰਾਹੀਂ ਕੀਤਾ ਹੈ। ਅਮਰੀਕਾ 'ਚ ਸਿੱਖਾਂ ਲਈ ਇਸ ਖੁਸ਼ਖਬਰੀ 'ਤੇ ਭਾਈ ਲੌਂਗੋਵਾਲ ਨੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਅਮਰੀਕਾ ਸਰਕਾਰ ਦਾ ਧੰਨਵਾਦ ਕਰਦਿਆਂ ਉਥੋਂ ਦੇ ਸਿੱਖ ਆਗੂਆਂ ਦੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ। ਭਾਈ ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਫਸਲਫੇ ਅਤੇ ਸਿੱਖ ਵਿਰਾਸਤ ਦੀ ਅਮੀਰੀ ਸਦਕਾ ਸਿੱਖਾਂ ਨੇ ਪੂਰੀ ਦੁਨੀਆਂ ਅੰਦਰ ਬੇਸ਼ੁਮਾਰ ਪ੍ਰਾਪਤੀਆਂ ਕੀਤੀਆਂ ਹਨ। ਅੱਜ ਦੁਨੀਆਂ ਦੇ ਵਿਕਸਤ ਦੇਸ਼ਾਂ ਅੰਦਰ ਸਿੱਖ ਸਰਕਾਰਾਂ ਦਾ ਹਿੱਸਾ ਬਣੇ ਹੋਏ ਹਨ। ਅਮਰੀਕਾ ਅੰਦਰ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਸਿੱਖ ਪ੍ਰਾਪਤੀਆਂ ਦੀ ਸੂਚੀ ਵਿਚ ਇਕ ਹੋਰ ਵਾਧਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਇਸ ਫੈਸਲੇ ਤੋਂ ਹੋਰਨਾਂ ਦੇਸ਼ਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ ਅਤੇ ਪੂਰੇ ਵਿਸ਼ਵ ਦੇ ਮੁਲਕਾਂ ਅੰਦਰ ਇਹ ਲਾਗੂ ਹੋਣਾ ਚਾਹੀਦਾ ਹੈ। ਇਸੇ ਦੌਰਾਨ ਭਾਈ ਲੌਂਗੋਵਾਲ ਨੇ ਸ. ਤਰਨਜੀਤ ਸਿੰਘ ਸੰਧੂ ਨੂੰ ਅਮਰੀਕਾ ਦੇ ਰਾਜਦੂਤ ਨਿਯੁਕਤ ਹੋਣ 'ਤੇ ਵਧਾਈ ਵੀ ਦਿੱਤੀ ਹੈ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ



ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਪ੍ਰਿੰਸ ਹੈਰੀ ਅਤੇ ਮੇਘਨ ਦੀ ਕੈਨੇਡਾ ‘ਲਵ ਸਟੋਰੀ’ ਦਾ ਪਲਾਟ

15 ਸਤੰਬਰ 1984 ਨੂੰ ਜਨਮੇ ਪ੍ਰਿੰਸ ਚਾਰਲਸ ਅਤੇ ਡਿਆਨਾ ਸਪੈਂਸਰ ਦੇ ਬੇਟੇ ਡਿਊਕ ਹੈਰੀ (ਡਿਊਕ ਆਫ ਸੂਸੈਕਸ) ਅਤੇ ਉਸਦੀ ਪਤਨੀ ਮੇਘਨ ਮਾਰਕਲ ਨੂੰ ਅੱਜ ਕੱਲ ਲ ਇੰਗਲੈਂਡ ਦੇ ਸ਼ਾਹੀ ਘਰਾਣੇ ਦੇ ਅੰਦਰੂਨੀ ਹਲਕਿਆਂ ਵਿੱਚ ਇੱਕ ਕਿਸਮ ਨਾਲ ‘ਕਾਲੀਆਂ ਭੇਡਾਂ’ਵਾਗੂੰ ਵੇਖਿਆ ਜਾ ਰਿਹਾ ਹੈ। ਦੂਜੇ ਪਾਸੇ ਉਹਨਾਂ ਦੇ ਕੈਨੇਡਾ ਆ ਕੇ ਵੱਸਣ ਦੀਆਂ ਖ਼ਬਰਾਂ ਨੂੰ ਬਹੁਤ ਹੀ ਚਾਵਾਂ ਨਾਲ ਪੜ੍ਹਿਆ/ਵਾਚਿਆ ਜਾ ਰਿਹਾ ਹੈ। ਇਸਦਾ ਇੱਕ ਕਾਰਣ ਕੈਨੇਡੀਅਨ ਕੌਮੀ ਮਾਨਕਿਸਤਾ ਉੱਤੇ ਸ਼ਾਹੀ ਘਰਾਣੇ ਦੇ ਜਲੌਅ ਦਾ ਸਦੀਆਂ ਤੋਂ ਚਲਿਆ ਆ ਰਿਹਾ ਪ੍ਰਭਾਵ ਹੈ। ਸ਼ਾਹੀ ਘਰਾਣੇ ਦੇ ਅਤੀਅੰਤ ਸ਼ਾਲੀਨਤਾ ਵਾਲੇ ਕਾਇਦੇ ਕਾਨੂੰਨਾਂ ਤੋਂ ਛੁਟਕਾਰਾ ਪਾ ਕੇ ਖੁੱਲੇ ਮਾਹੌਲ ਵਿੱਚ ਵਿਚਰਣ ਦੀ ਇਹਨਾਂ ਦੋਵਾਂ ਦੀ ਇੱਛਾ ਨੇ ਇੰਗਲੈਂਡ ਦੇ ਸ਼ਾਹੀ ਘਰਾਣੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸੇ ਕਾਰਣ ਮਹਾਰਾਣੀ ਏਲੀਜ਼ਾਬੈੱਥ ਨੇ ਪ੍ਰਿੰਸ ਹੈਰੀ ਅਤੇ ਮੇਘਨ ਦੇ ਮਹਿਲ ਛੱਡ ਕੇ ਜਾਣ ਦੇ ਫੈਸਲੇ ਨੂੰ ਇੱਕ ਔਖਾ ਫੈਸਲਾ ਕਰਾਰ ਦਿੱਤਾ ਸੀ।

ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਸ਼ਾਹੀ ਘਰਾਣੇ ਦੇ ਸੋਹਣੇ ਖੂਬਸੂਰਤ ਚਿਹਰਿਆਂ ਵਿੱਚੋਂ ਆਨੰਦ ਭਾਲਣ ਵਾਲੀ ਕੈਨੇਡੀਅਨ ਪਬਲਿਕ ਨੂੰ ਉਹਨਾਂ ਦੀ ਹਾਜ਼ਰੀ ਦੇ ‘ਢੋਲ ਦੂਰੋਂ ਹੀ ਸੁਹਾਵਣੇ’ ਲੱਗਦੇ ਹਨ। ਐਨਗਸ ਰੀਡ (Angus Reid) ਵੱਲੋਂ ਕਰਵਾਏ ਇੱਕ ਸਰਵੇਖਣ ਮੁਤਾਬਕ 73% ਕੈਨੇਡੀਅਨ ਚਾਹੁੰਦੇ ਹਨ ਕਿ ਪ੍ਰਿੰਸ ਹੈਰੀ ਅਤੇ ਮੇਘਨ ਕੈਨੇਡੀਅਨਾਂ ਉੱਤੇ ਬੋਝ ਨਾ ਬਣ ਕੇ ਆਪਣੀ ਸੁਰੱਖਿਆ ਸਮੇਤ ਸਾਰੇ ਖਰਚਿਆਂ ਨੂੰ ਪੱਲਿਓਂ ਕਰਨ। ਸਿਰਫ਼ 3% ਕੈਨੇਡੀਅਨ ਸ਼ਾਹੀ ਜੋੜੇ ਦੇ ਖਰਚੇ ਝੱਲਣ ਦੇ ਹੱਕ ਵਿੱਚ ਹਨ ਜਦੋਂ ਕਿ 19% ਥੋੜੇ ਬਹੁਤੇ ਖਰਚੇ ਦੇ ਹੱਕ ਵਿੱਚ ਹਨ। ਹਾਲਾਂਕਿ 69% ਕੈਨੇਡੀਅਨ ਪ੍ਰਿੰਸ ਹੈਰੀ ਦੇ ਦਿਵਾਨੇ ਹਨ ਪਰ ਇਹ ਦਿਵਾਨਗੀ ਸਿਰਫ਼ ਉਸਦੇ ਸੁਹਣੇ ਸੁੱਨਖੇ ਅਤੇ ਸ਼ਾਫ ਸ਼ਫਾਫ ਕਿਰਦਾਰ ਵਾਲੇ ‘ਮਸ਼ਹੂਰ ਵਿਅਕਤੀ’ (celebrity) ਹੋਣ ਤੱਕ ਸੀਮਤ ਹੈ। ਅਸਲ ਵਿੱਚ ਉਹਨਾਂ ਕੈਨੇਡੀਅਨਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜੋ ਕੈਨੇਡਾ ਨੂੰ ਇੰਗਲੈਂਡ ਦੀ ਸ਼ਾਹੀ-ਬਾਦਸ਼ਾਹਤ ਦੇ ਸੰਵਿਧਾਨਕ ਸ਼ਿਕੰਜੇ ਵਿੱਚੋਂ ਬਾਹਰ ਨਿਕਲਿਆ ਵੇਖਣਾ ਚਾਹੁੰਦੇ ਹਨ। 2016 ਵਿੱਚ 38% ਕੈਨੇਡੀਅਨ ਸ਼ਾਹੀ ਘਰਾਣੇ ਦੇ ਸੰਕੇਤਕ ਮਾਲਕ ਹੋਣ ਦੇ ਵਿਰੁੱਧ ਸਨ ਜਦੋਂ ਕਿ ਹੁਣ ਇਹ ਗਿਣਤੀ ਵੱਧ ਕੇ 45% ਹੋ ਚੁੱਕੀ ਹੈ।

73% ਕੈਨੇਡੀਅਨ ਕੁੱਝ ਵੀ ਸੋਚਣ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਇਸ਼ਾਰਾ ਕੀਤਾ ਸੀ ਕਿ ਕੈਨੇਡਾ ਨੂੰ ਸ਼ਾਹੀ ਜੋੜੇ ਦੇ ਕੁੱਝ ਖਰਚੇ ਤਾਂ ਝੱਲਣੇ ਹੀ ਪੈਣਗੇ ਜਿਸ ਵਿੱਚ ਆਰ ਸੀ ਐਮ ਪੀ ਵੱਲੋਂ ਮੁਹਈਆ ਕੀਤੀ ਜਾਣ ਵਾਲੀ ਸੁਰੱਖਿਆ ਦਾ ਖਰਚਾ ਹੋਵੇਗਾ। ਅਤੀ-ਮਹੱਤਵਪੂਰਣ ਵਿਅਕਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਮਾਹਰਾਂ ਦਾ ਖਿਆਲ ਹੈ ਕਿ ਸ਼ਾਹੀ ਜੋੜੇ ਦੀ ਸੁਰੱਖਿਆ ਦਾ ਸਾਲਾਨਾ ਖਰਚਾ 10 ਮਿਲੀਅਨ ਡਾਲਰ ਤੋਂ ਵੱਧ ਹੋ ਸਕਦਾ ਹੈ। ਇਸ ਵਿੱਚ ਉਹਨਾਂ ਦੇ ਨਿੱਜੀ ਗਾਰਡ, ਵਾਹਨ ਅਤੇ ਰਿਹਾਇਸ਼ ਦੁਆਲੇ ਸੁਰੱਖਿਆ ਘੇਰੇ ਕਾਇਮ ਕਰਨ ਵਰਗੀਆਂ ਆਈਟਮਾਂ ਸ਼ਾਮਲ ਹੋ ਸਕਦੀਆਂ ਹਨ। ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਕੈਨੇਡਾ ਨੂੰ ਇਸ ਗੱਲ ਦੀ ਆਦਤ ਪੈ ਚੁੱਕੀ ਹੈ ਕਿ ਇੰਗਲੈਂਡ ਦੀ ਮਹਾਰਾਣੀ ਅਤੇ ਉਸਦਾ ਪਰਿਵਾਰ ਦੂਰ ਰਹਿ ਕੇ ਹੀ ਸਾਡੇ ਮਾਲਕ ਬਣੇ ਰਹਿਣ ਪਰ ਐਨੇ ਨੇੜੇ ਨਾ ਆਉਣ ਕਿ ਗੱਲਾਂ ਗੱਲਾਂ ਵਿੱਚੋਂ ਮਿਲਣ ਵਾਲਾ ਸੁਆਦ ਹੀ ਜਾਂਦਾ ਰਹੇ।

ਕੈਨੇਡਾ ਦੇ ਇੰਮੀਗਰੇਸ਼ਨ ਕਾਨੂੰਨ ਦੀ ਜਾਣਕਾਰੀ ਰੱਖਣ ਵਾਲੇ ਮਾਹਰ ਸੁਆਲ ਕਰ ਰਹੇ ਹਨ ਕਿ ਕੀ ਸ਼ਾਹੀ ਜੋੜਾ ਪਰਮਾਨੈਂਟ ਰੈਜੀਡੈਂਟ ਬਣ ਕੇ ਆਵੇਗਾ ਜਿਸਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਯੋਗਤਾ ਉਹਨਾਂ ਦੋਵਾਂ ਕੋਲ ਵਿਖਾਈ ਨਹੀਂ ਦੇਂਦੀ। ਪ੍ਰਿੰਸ ਹੈਰੀ ਨੇ ਯੂਨੀਵਰਸਿਟੀ ਡਿਗਰੀ ਵੀ ਪੂਰੀ ਨਹੀਂ ਕੀਤੀ ਹੋਈ ਅਤੇ 35 ਸਾਲ ਉਮਰ ਹੋਣ ਕਾਰਣ ਉਸਦਾ ਐਕਸਪ੍ਰੈਸ ਐਂਟਰੀ ਰਾਹੀਂ ਨੰਬਰ ਲੱਗਣਾ ਨਾਮੁਮਕਿਨ ਹੈ। ਵੈਸੇ ਵੀ ਪ੍ਰਿੰਸ ਹੈਰੀ ਅਤੇ ਪ੍ਰਿੰਸੈਸ ਮੇਘਨ ਦੇ ਕੈਨੇਡਾ ਦਾ ਪਰਮਾਮੈਂਟ ਰੈਜ਼ੀਡੈਂਟ ਜਾਂ ਸਿਟੀਜ਼ਨ ਹੋਣ ਦਾ ਅਰਥ ਹੋਵੇਗਾ ‘ਰਾਜਾ ਦਾ ਪਰਜਾ’ ਬਣ ਜਾਣਾ। ਇੰਗਲੈਂਡ ਵਾਸੀ ਹੋਣ ਕਾਰਣ ਉਹ 6 ਮਹੀਨੇ ਤੱਕ ਬਿਨਾ ਵੀਜ਼ਾ ਰਹਿ ਸਕਦੇ ਹਨ ਪਰ ਇਹ ਆਉਣ ਜਾਣ ਕਦੋਂ ਤੱਕ ਬਣਾਈ ਰੱਖਣਗੇ? ਸਾਡੇ ਇੰਮੀਗਰੇਸ਼ਨ ਮੰਤਰੀ ਕੋਲ ਅਧਿਕਾਰ ਹਨ ਕਿ ਖਾਸ ਹਾਲਾਤਾਂ ਵਿੱਚ ਉਹ ਕਿਸੇ ਨੂੰ ਵੀ ਪਰਮਾਨੈਂਟ ਰੈਜੀਡੈਂਟ ਬਣਾ ਸਕਦਾ ਹੈ। ਕੀ ਸ਼ਾਹੀ ਜੋੜੇ ਲਈ ਇਹ ਰਾਹ ਖੋਲਿਆ ਜਾਵੇਗਾ? ਜੇ ਸਾਊਦੀ ਅਰਬੀਆ ਦੇ ਸਖ਼ਤ ਨਿਜਾਮ ਤੋਂ ਭੱਜ ਕੇ ਆਈ 19 ਸਾਲ ਲੜਕੀ ਰਾਹਫ ਮੁਹੰਮਦ ਨੂੰ ਤਤਕਾਲੀ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਟੋਰਾਂਟੋ ਏਅਰਪੋਰਟ ਉੱਤੇ ਸੁਆਗਤ ਕਰਨ ਲਈ ਆਇਆ ਜਾ ਸਕਦਾ ਹੈ ਤਾਂ ਸ਼ਾਹੀ ਘਰਾਣੇ ਦੇ ਰੁੱਸੇ ਫਰਜੰਦਾਂ ਲਈ ਵੀ ਕੁੱਝ ਤਾਂ ਕੀਤਾ ਜਾਣਾ ਬਣਦਾ ਹੀ ਹੋਵੇਗਾ।

## 10 ਹਜ਼ਾਰ ਰਿਸ਼ਵਤ ਲੈਂਦਾ ਤਹਿਸੀਲਦਾਰ ਦਾ ਰੀਡਰ ਅਤੇ ਦਰਜਾ ਚਾਰ ਮੁਲਾਜ਼ਮ ਗ੍ਰਿਫਤਾਰ

ਜਲੰਧਰ, 16 ਜਨਵਰੀ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਜਲੰਧਰ ਨੇ ਹੁਸ਼ਿਆਰਪੁਰ ਦੇ ਰੀਡਰ ਤਹਿਸੀਲਦਾਰ ਅਤੇ ਦਰਜਾ-ਚਾਰ ਮੁਲਾਜ਼ਮ ਨੂੰ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ।

ਐੱਸ ਐੱਸ ਪੀ ਵਿਜੀਲੈਂਸ ਬਿਊਰੋ ਜਲੰਧਰ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਜਾਰੀ ਹੈ। ਇਸੇ ਤਹਿਤ ਹਰਦੀਪ ਸਿੰਘ ਪਿੰਡ ਅੱਜੋਵਾਲ ਹੁਸ਼ਿਆਰਪੁਰ ਦੀ ਸ਼ਿਕਾਇਤ ਉਤੇ ਦੋ ਸਰਕਾਰੀ ਮੁਲਾਜ਼ਮਾਂ ਨੂੰ ਰਿਸ਼ਵਤ ਲੈਂਦੇ ਫੜਿਆ ਹੈ। ਹਰਦੀਪ ਨੇ ਦੱਸਿਆ ਸੀ ਕਿ ਉਹ ਪਿੰਡ ਅੱਜੋਵਾਲ ਵਿੱਚ ਬੈਂਸ ਫਾਈਨੈਂਸ ਨਾਂਅ ਦੀ ਕੰਪਨੀ ਚਲਾਉਂਦਾ ਹੈ ਤੇ ਕਰੀਬ ਇੱਕ ਸਾਲ ਪਹਿਲਾਂ ਪਤਨੀ ਪਰਮਜੀਤ ਕੌਰ ਦੇ ਨਾਂਅ 'ਤੇ ਦੋ ਕਨਾਲ ਦਾ ਪਲਾਟ ਪਿੰਡ ਅੱਜੋਵਾਲ ਵਿੱਚ ਖਰੀਦਿਆ ਸੀ। ਜਦ ਉਸ ਨੂੰ ਪੈਸਿਆਂ ਦੀ ਜ਼ਰੂਰਤ ਸੀ ਤਾਂ ਉਸ ਨੇ ਉਕਤ ਪਲਾਟ ਦੇ ਰਕਬੇ 'ਚੋਂ ਢਾਈ ਮਰਲੇ ਦੇ ਪਲਾਟ ਦਾ ਸੌਦਾ ਸੰਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਪਿੰਡ ਭੀਖੋਵਾਲ ਦੇ ਨਾਲ ਇਸ ਸ਼ਰਤ 'ਤੇ ਕੀਤਾ ਕਿ ਪਲਾਟ ਦੀ ਰਜਿਸਟਰੀ ਦਾ ਜੋ ਖਰਚ ਆਏਗਾ, ਉਹ ਉਸ ਨੂੰ ਚੁੱਕਣਾ ਪਵੇਗਾ। ਉਹ 10 ਜਨਵਰੀ ਨੂੰ ਰਜਿਸਟਰੀ ਦੇ ਲਈ ਤਹਿਸੀਲ ਪਹੁੰਚਿਆ ਤੇ ਜਾਣਕਾਰ ਵਸੀਕਾ ਨਵੀਸ ਕਮਲਜੀਤ ਕੁਮਾਰ ਨੂੰ ਪਲਾਟ ਦੇ ਕਾਗਜ਼ ਦਿਖਾਏ। ਉਸ ਨੇ ਢਾਈ ਮਰਲੇ ਪਲਾਟ ਦੀ ਰਜਿਸਟਰੀ ਦਾ ਖਰਚਾ ਪੁੱਛਿਆ ਤਾਂ ਉਸ ਨੇ ਕਿਹਾ ਕਿ ਤਹਿਸੀਲਦਾਰ ਦੇ ਰੀਡਰ ਸਰਵਨ ਚੰਦ ਨਾਲ ਗੱਲ ਕਰਨੀ ਪਵੇਗੀ। ਉਹ ਗੱਲ ਕਰ ਕੇ ਵਾਪਸ ਆਇਆ ਅਤੇ ਕਿਹਾ ਕਿ ਪੁੱਡਾ ਤੋਂ ਐਨ ਓ ਸੀ ਚਾਹੀਦੀ ਹੈ, ਜੇ ਬਿਨਾ ਐੱਨ ਓ ਸੀ ਦੇ ਰਜਿਸਟਰੀ ਕਰਵਾਉਣੀ ਹੈ ਤਾਂ ਸਰਕਾਰੀ ਫੀਸ ਦੇ ਇਲਾਵਾ 14 ਹਜ਼ਾਰ ਰੁਪਏ ਰਿਸ਼ਵਤ ਦੇਣੀ ਪਵੇਗੀ। ਹਰਦੀਪ ਨੇ ਪੈਸੇ ਜ਼ਿਆਦਾ ਹੋਣ ਦੀ ਗੱਲ ਕਹੀ ਤਾਂ ਉਸ ਨੇ ਰੀਡਰ ਨਾਲ ਖੁਦ ਹੀ ਗੱਲ ਕਰਨ ਦੀ ਗੱਲ ਕਹੀ। ਇਸ ਦੇ ਬਾਅਦ ਉਹ ਰੀਡਰ ਤਹਿਸੀਲਦਾਰ ਸਰਵਨ ਚੰਦ ਕੋਲ ਪਹੁੰਚਿਆ ਅਤੇ ਰਜਿਸਟਰੀ ਦੀ ਗੱਲ ਕਰ ਕੇ ਕਿਹਾ ਕਿ ਸਰਕਾਰੀ ਫੀਸ ਦੇ ਇਲਾਵਾ 14 ਹਜ਼ਾਰ ਰੁਪਏ ਬਹੁਤ ਜ਼ਿਆਦਾ ਹਨ, ਜਦ ਕਿ ਉਸ ਦਾ ਪਲਾਟ ਤਾਂ ਪੁੱਡਾ ਦੇ ਅਧੀਨ ਨਹੀਂ ਹੈ। ਰੀਡਰ 14 ਹਜ਼ਾਰ ਦੀ ਰਿਸ਼ਵਤ 'ਤੇ ਅੜ ਗਿਆ ਅਤੇ ਬੋਲਿਆ ਕਿ ਜੇ ਰਿਸ਼ਵਤ ਨਾ ਦਿੱਤੀ ਤਾਂ ਤਹਿਸੀਲਦਾਰ ਤੋਂ ਰਜਿਸਟਰੀ ਨਹੀਂ ਹੋਣ ਦੇਵੇਗਾ ਅਤੇ ਇਸ 'ਤੇ ਐੱਨ ਓ ਸੀ ਨਾ ਹੋਣ ਦਾ ਇਤਰਾਜ਼ ਲਾ ਦੇਵਾਂਗਾ।

ਹਰਦੀਪ ਨੇ ਕਿਹਾ ਕਿ ਕਾਫੀ ਮਿੰਨਤਾਂ ਕਰਨ 'ਤੇ ਰੀਡਰ ਸਰਵਨ ਚੰਦ 10 ਹਜ਼ਾਰ ਰੁਪਏ ਵਿੱਚ ਕੰਮ ਕਰਨ ਉਤੇ ਤਿਆਰ ਹੋ ਗਿਆ। ਸ਼ਿਕਾਇਤ ਉਤੇ ਡੀ ਐੱਸ ਪੀ ਵਿਜੀਲੈਂਸ ਹੁਸ਼ਿਆਰਪਰ ਦਲਬੀਰ ਸਿੰਘ ਅਤੇ ਪੁਲਸ ਪਾਰਟੀ ਸਮੇਤ ਸਰਕਾਰੀ ਸ਼ੈਡੋ ਡਾਕਟਰ ਅਮਿਤ ਸਕਸੈਨਾ ਅਤੇ ਸਰਕਾਰੀ ਗਵਾਹ ਹਰਦੀਪ ਸਿੰਘ ਮੈਡੀਕਲ ਅਫਸਰ ਕਪੂਰਥਲਾ ਨੂੰ ਨਾਲ ਲੈ ਕੇ ਟਰੈਪ ਲਗਾਇਆ। ਜਦੋਂ ਹਰਦੀਪ ਨੇ ਰੀਡਰ ਸਰਵਨ ਚੰਦ ਨੂੰ 10 ਹਜ਼ਾਰ ਰਿਸ਼ਵਤ ਦਿੱਤੀ ਤਾਂ ਉਸ ਨੇ ਨਾਲ ਖੜੇ ਦਰਜਾ ਚਾਰ ਮੁਲਾਜ਼ਮ ਰਾਕੇਸ਼ ਕੁਮਾਰ ਨੂੰ ਫੜਾ ਦਿੱਤੀ, ਜਿਸ ਨੂੰ ਵਿਜੀਲੈਂਸ ਨੇ ਰੰਗੇ ਹੱਥੀਂ ਫੜ ਲਿਆ। ਵਿਜੀਲੈਂਸ ਨੇ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਧਾਰਾ 120 ਬੀ, ਕੁਰੱਪਸ਼ਨ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਅਮਰੀਕੀ ਸੈਨੇਟ ਵੱਲੋਂ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਪਾਸ

...ਪੰਨਾ 1 ਦਾ ਬਾਕੀ

ਇਸ ਦੇ ਪ੍ਰਭਾਵੀ ਹੋਣ ਤੋਂ ਪਹਿਲਾਂ ਹੁਣ ਕੈਨੇਡਾ ਦੀ ਪਾਰਲੀਆਮੈਂਟ ਵੱਲੋਂ ਹੀ ਇਸ ਦੀ ਪੁਸ਼ਟੀ ਕੀਤੀ ਜਾਣੀ ਬਾਕੀ ਹੈ। ਕੈਨੇਡਾ ਸਰਕਾਰ ਬਹੁਤ ਪਹਿਲਾਂ ਹੀ ਇਹ ਆਖ ਚੁੱਕੀ ਹੈ ਕਿ ਇੱਕ ਵਾਰੀ ਅਮਰੀਕਾ ਵੱਲੋਂ ਇਸ ਡੀਲ ਨੂੰ ਸਿਰੇ ਚੜ੍ਹਾਉਣ ਤੋਂ ਬਾਅਦ ਉਹ ਫੌਰੀ ਇਸ ਨੂੰ ਮਨਜ਼ੂਰੀ ਦੇ ਦੇਵੇਗੀ। ਸੈਨੇਟਰ ਚੱਕ ਗ੍ਰੈਸਲੇ, ਜੋ ਕਿ ਲੋਵਾ ਤੋਂ ਰਿਪਬਲਿਕਨ ਹਨ, ਨੇ ਆਖਿਆ ਕਿ ਹੁਣ ਅਸੀਂ ਇਹ ਆਸ ਕਰਦੇ ਹਾਂ ਕਿ ਕੈਨੇਡਾ ਵੀ ਜਲਦ ਤੋਂ ਜਲਦ ਇਸ ਡੀਲ ਦੀ ਪੁਸ਼ਟੀ ਕਰ ਦੇਵੇਗਾ।

## ਸੁਪਰੀਮ ਕੋਰਟ ਵੱਲੋਂ ਟਰਾਂਸ ਮਾਊਨਟੇਨ ਬਾਰੇ ਬੀਸੀ ਦੀ ਅਪੀਲ ਖਾਰਜ

...ਪੰਨਾ 1 ਦਾ ਬਾਕੀ

ਇਸ ਦੌਰਾਨ ਫੈਡਰਲ ਸਰਕਾਰ ਨੇ ਆਖਿਆ ਕਿ ਵਾਤਾਵਰਣ ਦੀ ਹਿਫਾਜ਼ਤ ਦੇ ਨਾਂ ਉੱਤੇ ਪਾਈਪਲਾਈਨ ਰਾਹੀਂ ਜੋ ਵੀ ਜਾਂਦਾ ਹੈ ਉਸ ਉੱਤੇ ਬੀਸੀ ਦਾ ਅਧਿਕਾਰ ਹੋਣ ਤੋਂ ਇਹੋ ਭਾਵ ਹੋਵੇਗਾ ਕਿ ਕਰੌਸ ਪ੍ਰੋਵਿੰਸ ਪ੍ਰੋਜੈਕਟਾਂ ਉੱਤੇ ਪ੍ਰੋਵਿੰਸ ਨੂੰ ਵੀਟੋ ਦੇਣਾ। ਜੇ ਬੀਸੀ ਇਸ ਵਿੱਚ ਸਫਲ ਹੋ ਜਾਂਦਾ ਤਾਂ ਉਹ ਪਾਈਪਲਾਈਨ ਰਾਹੀਂ ਭਾਰੀ ਤੇਲ ਭੇਜਣ ਉੱਤੇ ਰੋਕ ਲਾ ਦਿੰਦਾ। ਇਸ ਨਾਲ 2018 ਵਿੱਚ ਫੈਡਰਲ ਸਰਕਾਰ ਵੱਲੋਂ ਖਰੀਦੇ ਗਏ ਬਹੁ ਕਰੋੜੀ ਕਿੰਡਰ ਮੌਰਗਨ ਪਾਈਪਲਾਈਨ ਪ੍ਰੋਜੈਕਟ ਦਾ ਪਸਾਰ ਠੱਪ ਪੈ ਜਾਂਦਾ। ਪਿਛਲੇ ਸਾਲ ਬੀਸੀ ਕੋਰਟ ਆਫ ਅਪੀਲ ਨੇ ਇਹ ਫੈਸਲਾ ਸੁਣਾਇਆ ਸੀ ਕਿ ਬੀਸੀ ਪ੍ਰੋਵਿੰਸ ਵਿੱਚ ਆਉਣ ਵਾਲੀ ਤੇਲ ਦੀ ਖੇਪ ਉੱਤੇ ਰੋਕ ਨਹੀਂ ਲਾ ਸਕਦਾ, ਇਸ ਉੱਤੇ ਪ੍ਰੋਵਿੰਸ ਦੀ ਐਨਡੀਪੀ ਸਰਕਾਰ ਵੱਲੋਂ ਇਸ ਖਿਲਾਫ ਅਪੀਲ ਪਾਈ ਗਈ ਸੀ। ਪਰ ਸੁਪਰੀਮ ਕੋਰਟ ਆਫ ਕੈਨੇਡਾ ਨੇ ਵੀ ਆਖਿਰਕਾਰ ਅਪੀਲ ਕੋਰਟ ਦੇ ਫੈਸਲੇ ਨਾਲ ਹੀ ਸਹਿਮਤੀ ਪ੍ਰਗਟਾਈ। ਜੱਜ ਮੈਲਕਮ ਰੋਵੇ ਨੇ ਆਖਿਆ ਕਿ ਬ੍ਰਿਟਿਸ਼ ਕੋਲੰਬੀਆ ਨੂੰ ਇਹ ਅਧਿਕਾਰ ਦੇ ਦੇਣ ਨਾਲ ਕਿ ਪਾਈਪਲਾਈਨ ਰਾਹੀਂ ਕਿਹੜਾ ਪ੍ਰੋਡਕਟ ਜਾਵੇਗਾ, ਭਵਿੱਖ ਵਿੱਚ ਬ੍ਰਿਟਿਸ਼ ਕੋਲੰਬੀਆ ਰਾਹੀਂ ਕਿਸੇ ਵੀ ਤਰ੍ਹਾਂ ਦੇ ਐਕਸਪੋਰਟ ਨੂੰ ਠੱਪ ਕਰ ਦੇਵੇਗਾ।

ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਇਸ ਫੈਸਲੇ ਉੱਤੇ ਨਿਰਾਸ਼ਾ ਪ੍ਰਗਟਾਈ। ਦੂਜੇ ਪਾਸੇ ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਸੀਮਸ ਓਰੀਗਨ ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕੀਤਾ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੀ ਇਸ ਫੈਸਲੇ ਨਾਲ ਕਾਫੀ ਖੁਸ਼ ਹਨ।

## ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਨੂੰ ਤ੍ਰਿਪਤ ਬਾਜਵਾ ਵੱਲੋਂ 5 ਲੱਖ ਅਤੇ ਬਲਵੀਰ ਸਿੱਧੂ ਵੱਲੋਂ 2 ਲੱਖ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ

### ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਨੇ ਸ਼ਹੀਦ ਦੇ 121ਵੇਂ ਜਨਮ ਦਿਨ ਸਬੰਧੀ ਸਮਾਗਮ ਕਰਵਾਇਆ ਗਿਆ







ਚੰਡੀਗੜ੍ਹ, 16 ਜਨਵਰੀ (ਗਿਆਨ ਸਿੰਘ): ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਉਚੇਰੀ ਸਿੱਖਿਆ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਵਰਗੇ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਨੂੰ ਆਜ਼ਾਦੀ ਹਾਸਲ ਹੋਈ ਸੀ ਤੇ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਨਹੀਂ ਰੱਖਦੀਆਂ ਸਮਾਂ ਵੀ ਉਨਾਂ ਨੂੰ ਵਸਾਰ ਦਿੰਦਾ ਹੈ।

ਅੱਜ ਇਥੇ ਸੈਕਟਰ 44-ਸੀ ਵਿਚ ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਵਲੋਂ ਸ਼ਹੀਦ ਦੇ 121ਵੇਂ ਜਨਮ ਦਿਨ ਸਬੰਧੀ ਸਮਾਗਮ ਨੂੰ ਸੰਬੋਧਨ ਕਰਦਿਆ ਕਿਹਾ ਕਿ ਸ਼ਹੀਦ ਊਧਮ ਸਿੰਘ ਦ੍ਰਿੜ ਨਿਸ਼ਚੇਵਾਲਾ ਆਗੂ ਸੀ ਜਿਸ ਨੇ ਜਲਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਲਈ 21 ਸਾਲ ਤਕ ਉਡੀਕ ਕੀਤੀ ਤੇ ਉਹ ਆਪਣੇ ਰਸਤੇ ਤੋਂ ਕਦੇ ਨਹੀਂ ਡੋਲਿਆ। ਇਸ ਗੱਲ ਦੀ ਪੁਸ਼ਟੀ ਸ਼ਹੀਦ ਉਦਮ ਸਿੰਘ ਵਲੋਂ ਅਦਾਲਤ ਵਿਚ ਦਿਤੇ ਬਿਆਨ ਤੋਂ ਵੀ ਹੁੰਦੀ ਹੈ।

ਉਨਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਨੇ ਸ਼ਹੀਦ ਯਾਦ ਵਿਚ ਭਵਨ ਬਣਾ ਕੇ ਉਸ ਦੀ ਯਾਦ ਨੂੰ ਤਾਜਾ ਰੱਖਣ ਦਾ ਬਹੁਤ ਵਧੀਆ ਉਪਰਾਲਾ ਕੀਤਾ ਹੈ ਜਿੱਥੇ ਹਰ ਸਾਲ ਵੱਖ ਵੱਖ ਗਤੀਵਿਧੀਆਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਬਾਰੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਨਾਲ ਸ਼ਹੀਦ ਦੀ ਯਾਦ ਸਾਡੀਆਂ ਅਗਲੀਆਂ ਪੀੜੀ ਨਾਲ ਸਾਂਝੀ ਹੋ ਹੋਵੇਗੀ ਤੇ ਅਗਲੀ ਪੀੜੀ ਨੂੰ ਇਸ ਗੱਲ ਦਾ ਪਤਾ ਲੱਗੇਗਾ ਤੇ ਕਿ ਦੇਸ਼ ਦੀ ਆਜ਼ਾਦੀ ਹਾਸਲ ਕਰਨ ਲਈ ਬਹੁਤ ਸਾਰੇ ਭਾਰਤੀਆਂ ਨੂੰ ਆਪਣੀਆਂ ਜਾਨਾਂ ਵਾਰਨੀਆ ਪਈਆਂ।

ਉਨਾਂ ਨੇ ਭਵਨ ਦੀ ਉਸਾਰੀ ਲਈ ਸੁਸਾਇਟੀ ਨੂੰ ਆਪਣੇ ਫੰਡ ਵਿਚੋ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਲੰਮੇ ਅਰਸੇ ਤੋਂ ਸ਼ਹੀਦ ਊਧਮ ਸਿੰਘ ਭਵਨ ਸੁਸਾਇਟੀ ਨਾਲ ਜੁੜੇ ਹੋਏ ਹਨ ਤੇ ਉਹ ਸ਼ਹੀਦ ਨੂੰ ਜਨਮ ਦਿਹਾੜੇ ਤੇ ਸਿਜਦਾ ਕਰਨ ਆਏ ਹਨ। ਉਨਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਸੁਸਾਇਟੀ ਨੇ ਸ਼ਹੀਦ ਦੀ ਯਾਦ ਵਿਚ ਭਵਨ ਉਸਾਰ ਕੇ ਸ਼ਾਨਦਾਰ ਕੰਮ ਕੀਤਾ ਹੈ ਤੇ ਉਨਾਂ ਆਸ ਕੀਤੀ ਕਿ ਭਵਿੱਖ ਵਿਚ ਸੁਸਾਇਟੀ ਸ਼ਹੀਦ ਦੇ ਸੁਪਨਿਆਂ ਨੂੰ ਸਕਾਰ ਕਰਨ ਵਿਚ ਯਤਨ ਜਾਰੀ ਰੱਵੇਗੀ। ਉਨਾਂ ਨੇ ਸੁਸਾਇਟੀ ਨੂੰ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਡਾ.ਪਿਆਰਾ ਲਾਲ ਗਰਗ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਅਤੇ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਆਜ਼ਾਦ ਹੋਇਆ ਤੇ ਉਨਾਂ ਵਰਗੇ ਪਿੰਡ ਵਿਚ ਜੰਮੇ ਨੂੰ ਸਿੱਖਿਆ ਲੈਣ ਦੇ ਹੱਕ ਮਿਲਿਆ ਤੇ ਉਹ ਪੜਾਈ ਕਰਕੇ ਡਾਕਟਰ ਬਣੇ। ਉਨਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਧੁਨ ਦੇ ਪੱਕੇ ਵਿਆਕਤੀ ਸਨ ਜਿਨਾਂ ਨੂੰ ਪਤਾ ਸੀ ਜਿਸ ਕਾਰਜ ਤੇ ਚਲੇ ਹਨ,ਉਸ ਲਈ ਜਾਨ ਨਿਛਾਵਰ ਕਰਨੀ ਪੈਣੀ ਹੈ ਪਰ ਉਹ ਕਦੇ ਵੀ ਆਪਣੇ ਨਿਸ਼ਾਨੇ ਭਟਕੇ ਨਹੀਂ ਤੇ ਅਖੀਰ ਸਫਲਤਾ ਹਾਸਲ ਕਰਕੇ ਹਟੇ।

ਪ੍ਰੋ.ਕੰਵਲਜੀਤ ਕੌਰ ਢਿਲੋਂ ਨੇ ਸ਼ਹੀਦ ਨੂੰ ਸਰਧਾ ਦੇ ਫੁੱਲ ਭੇਂਟ ਕਰਦਿਆ ਕਿਹਾ ਕਿ ਅੱਜ ਮੁੜ ਦੇਸ਼ ਨੂੰ ਫਿਰਕੂ ਅਧਾਰ ‘ਤੇ ਵੰਡਣ ਦੀ ਸ਼ਾਜਸ਼ ਹੋ ਰਹੀ ਹੈ ਤੇ ਇਸ ਸ਼ਾਜਸ਼ ਨੂੰ ਨਕਾਮ ਕਰਨਾ ਸ਼ਹੀਦ ਦੇ ਪੈਰੋਕਾਰਾਂ ਦੀ ਵੱਡੀ ਜ਼ਿੰਮੇਵਾਰੀ ਹੈ ਤੇ ਬਾਬੇ ਨਾਨਕ ਦੀ ਵਿਰਾਸਤ ਦੇ ਮਾਲਕ ਇਸ ਸਾਜ਼ਸ਼ ਨੂੰ ਅਸਫਲ ਕਰ ਦੇਣਗੇ। ਢਾਡੀ ਅਮਰ ਸਿੰਘ ਨੂਰੀ ਦੀ ਅਗਵਾਈ ਹੇਠ ਢਾਡੀ ਜਥੇ ਨੇ ਵਾਰਾਂ ਗਾ ਕੇ ਖੂਬ ਰੰਗ ਬੰਨਿਆ। ਜੋਗਾ ਸਿੰਘ ਨੇ ਵੀ ਇਨਕਲਾਬੀ ਕਵਿਤਾ ਸੁਣਾਈ।

ਸੁਸਾਇਟੀ ਵਲੋਂ ਸ੍ਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਸਿੱਧੂ ਅਤੇ ਸ੍ਰੀ ਗੁਰਦਰਸ਼ਨ ਸਿੰਘ ਬਾਹੀਆ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

ਸਮਾਗਮ ਮੌਕੇ ਸੁਸਾਇਟੀ ਦੇ ਚੇਅਰਮੈਨ ਜਰਨੈਲ ਸਿੰਘ, ਬਲਵਿੰਦਰ ਸਿੰਘ, ਸ੍ਰੀ ਪ੍ਰੇਮ ਸਿੰਘ, ਸੁਖਦੇਵ ਸਿੰਘ, ਗੁਰਚਰਨ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਉਘੇ ਡਾ.ਗੁਰਸ਼ਰਨ ਸਿੰਘ ਦੀ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਾਇਆ ਗਿਆ ਤੇ ਸਤਿਅਮ ਲੈਬ ਵਲੋਂ ਮੁਫਤ ਟੈਸਟ ਵੀ ਕੀਤੇ ਗਏ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਮਨ ਦੀਆਂ ਚਾਰ ਅਵਸਥਾ ਹਨ



ਕਰਨੈਲ ਸਿੰਘ ਟੋਰਾਂਟੋ
416-746-7642

ਜਾਗ੍ਰਤ, ਸੁਪਨ, ਸੁਖੋਪਤ ਤੁਰੀਆ॥
ਆਤਮ ਭੂਭਤਿ ਕੀ ਯੇ ਪੁਰੀਆਂ॥

ਜਾਗ੍ਰਤ ਅਵਸਥਾ= ਜੋ ਨੇਤਰਾਂ ਨਾਲ ਸੰਸਾਰ ਨੂੰ ਦੇਖ ਰਿਹਾ ਹੈ।

ਸੁਪਨ ਅਵਸਥਾ=ਕੰਠ ਵਿਚ ਇਕ ਹਤਾ ਨਾਮੀ ਨਾੜੀ ਹੈ ਜਦ ਕੰਠ ਵਿਚ ਮਨ ਜਾਂਦਾ ਹੈ, ਕਲਪਣਾ ਕਰਦਾ ਹੈ। ਉਸ ਵੇਲੇ ਜੋ ਕੁਝ ਇਸ ਮਨ ਨੂੰ ਭਾਸਦਾ ਹੈ, ਸੁਪਨੇ ਵਿਚ ਉਹ ਸੱਚ ਪ੍ਰਤੀਤ ਹੁੰਦਾ ਹੈ।

ਸਖੋਪਤ= ਘੂਘਨੀਂਦ, ਨਾ ਜਾਗ੍ਰਤ ਹੈ ਨਾ ਸੁਪਨ ਅਵਸਥਾ ਹੈ ਬੇਸੁਧ ਹੈ। ਚਉਥੀ ਅਵਸਥਾ ਸੁਖਮਈ ਹੈ।

ਤੁਰੀਆ= ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿਕ ਕਿਰਿਆ ਕਰਕੇ ਪ੍ਰਭੂ ਦਾ ਸਿਮਰਨ ਕਰਨਾ ਸਮਾਸਿਸ਼ਟ ਹੋ ਕੇ, ਉਸ ਵੇਲੇ ਇਸ ਮਨ ਦੀ ਆਤਮ-ਸਥਿਤੀ ਆਤਮ ਚਿੰਤਨ ਦੀ ਅਵਸਥਾ ਵਿਚ ਹੈ। ਪਰ ਮਨ ਰਾਜਾ ਚਾਰਾਂ ਹਾਲਤਾਂ ਵਿਚ ਇਕੋ ਹੀ ਹੈ। ਕ੍ਰਿਆ ਕਰਮ ਚਾਰ ਪ੍ਰਕਾਰ ਦੀ ਹੈ।

ਤਥਾ= ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥

ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥੩॥

(ਪੰਨਾ ੨੯੭)

ਅਰਥ:- ਰਜੋ ਭਗਤੀ=ਬਿਜਨਸ ਕਰਦਿਆਂ ਅਤੇ ਰਾਜ ਭਾਗ, ਸੇਵਾ, ਦਾਨਪੁੰਨ ਅਤੇ ਸੰਗਤ ਕਰਦੇ ਹਨ

ਤਮੋ ਗੁਣ=ਭਗਤੀ ਸ਼ੁਭ ਕਰਮ ਧਰਮ, ਪੂਜਾ ਅਰਚਨਾ ਕਰਨੀ।

ਸਤੋ ਗੁਣ=ਸਤ, ਸੰਤੋਖ, ਦਯਾ, ਧੀਰਜ, ਛਿਮਾ ਆਦਿ ਸ਼ੁਭ ਕਰਮ ਕਰਨੇ।

ਇਹ ਤਿੰਨੇ ਗੁਣ ਮਾਇਆ ਦੇ ਹਨ। ਅਜੇ ਇਹਨਾਂ ਕਰਮਾਂ ਦੇ ਕਰਨ ਵਾਲਾ ਮਾਇਆ ਵਿਚ ਹੈ।

ਤੁਰੀਆ ਪਦ=ਦਸਮ ਦੁਆਰਾ ਅਗਨ ਅਪਾਰਾ ਪਰਮ ਪੁਰਖ ਕੀ ਘਾਟੀ॥

ਪੰਨਾ ੯੭੪

ਅਰਥ= ਇਸ ਅਵਸਥਾ ਵਿਚ ਪਹੁੰਚ ਕੇ ਇਸ ਮਨ ਨੂੰ ਸੁਖ ਪ੍ਰਾਪਤ ਹੁੰਦਾ ਹੈ। ਆਨੰਦ ਹੀ ਆਨੰਦ ਹੈ।

ੴ ਸਤਿਗੁਰ ਪ੍ਰਸਾਦਿ॥

ਗਿਆਨ ਅੰਜਨੁ ਗੁਰਿਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕ੍ਰਿਪਾ ਤੇ ਸੰਤ ਭੇਟਿਆ ਨਾਨਕ ਮਨਿ ਪ੍ਰਗਾਸੁ॥੧॥

ਅਰਥ:- ਗੁਰੂ ਜੀ ਕਥਨ ਕਰਦੇ ਹਨ - ਜਿਸ ਵੇਲੇ ਰੌਸ਼ਨ ਜ਼ਮੀਰ ਮਹਾਂਪੁਰਸੋਂ ਕੀ ਸੰਗਤ ਤੋਂ ਗਿਆਨ ਦੀ ਰੌਸ਼ਨੀ ਮਿਲੀ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ ਕਿਉਂਕਿ ਰੌਸ਼ਨ ਚਿਰਾਗ ਬੁਝੇ ਹੋਏ ਚਿਰਾਗ ਨੂੰ ਰੌਸ਼ਨੀ ਦੇ ਸਕਦਾ ਹੈ। ਬੁਝੇ ਹੋਏ ਚਿਰਾਗ ਬੁਝੇ ਹੋਏ ਚਿਰਾਗਾਂ ਨੂੰ ਰੌਸ਼ਨੀ ਨਹੀਂ ਦੇ ਸਕਦੇ, ਗਿਆਨਵਾਨ ਪੁਰਸ਼ਾਂ ਦੀ ਸੰਗਤ ਕਰਕੇ ਅਗਿਆਨੀਆਂ ਨੂੰ ਗਿਆਨ ਦੀ ਰੌਸ਼ਨੀ ਮਿਲਦੀ ਹੈ।

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥
ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸਕਾ ਬਿਸ੍ਰਾਮੁ॥
ਸੁਨ ਸਮਾਧਿ ਅਨਹਤ ਤਹ ਨਾਦ॥
ਕਹਨ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥੧॥

(ਪੰਨਾ ੨੯੩)

੧. ਪੂਰਨ ਬ੍ਰਹਮ ਬੇਤਾ ਸੰਤਾਂ ਦੀ ਸੰਗਤ ਦੁਆਰਾ ਪ੍ਰਭੂ ਦਾ ਨਾਮ ਮਿੱਠਾ ਲਗਾ ਤਾਂ ਪ੍ਰਭੂ ਨੂੰ ਸਰੀਰ ਘਟ ਵਿਚੋਂ ਹੀ ਵੇਖ ਲਿਆ।

੨. ਅਨੇਕਾਂ ਰੰਗਾਂ ਵਿਚ ਜੋ ਸੰਸਾਰ ਨਦਰਿ ਆਉਂਦਾ ਹੈ, ਇਹ ਸਾਰੀ ਸਾਮੱਗਰੀ ਪ੍ਰਭੂ ਦੇ ਘਟ ਵਿਚ ਹੈ। ਵਾ ਘਟ ਵਿਚੋਂ ਹੀ ਪੈਦਾ ਹੋਈ ਹੈ।

੩. ਪ੍ਰਭੂ ਦਾ ਨਾਮ ਨੌਂ ਨਿਧੀਆਂ ਅਤੇ ਅੰਮ੍ਰਿਤ ਹੈ

ਪ੍ਰਭੂ ਦਾ ਨਿਵਾਸ ਇਸ ਦੇਹੀ ਦੇ ਅੰਦਰ ਹੀ ਹੈ

੪. ਪਰਮਾਤਮਾ ਵਿਚ ਸੁੰਨ ਸਮਾਧਿ=ਨਿਰਵਿਕਲਪ ਸਮਾਧ ਲਗਨ ਨਾਲ ਇਕ ਰਸ ਅਨਹਤ ਵਾਜਿਆਂ ਦੀ ਧੁਨੀ ਸੁਣਦੀ ਹੈ।

ਉਸ ਅਸਚਰਜ ਆਨੰਦ ਦੀ ਮਹਿਮਾਂ ਕਹੀ ਨਹੀਂ ਜਾਂਦੀ।

੫. ਜਿਸ ਨੂੰ ਪਰਮਾਤਮਾ ਆਪ ਵਿਖਾਂਦਾ ਹੈ ਉਹੀ ਗੁਰਮੁਖ ਸੋਝੀ ਪਾਂਧਾ ਹੈ॥੧॥

੬. ਪਰਮੇਸ਼ਰ ਅੰਦਰ ਵੀ ਹੈ ਅਤੇ ਬਾਹਰ ਭੀ ਹੈ।

ਉਹ ਭਗਵੰਤ ਸਭ ਜੀਵਾਂ ਦੇ ਸਰੀਰ ਘਟਾਂ ਵਿਚ ਹੈ।

ਤਥਾ= ਸਬਦੁ ਦੀਪਕੁ ਵਰਤੈ ਤਿਹੁ ਲੋਇ॥ ਜੋ ਚਾਖੈ ਸੋ ਨਿਰਮਲੁ ਹੋਇ॥

ਧਨਾਸਰੀ ਮਹਲਾ ੩=੬੬੪
ਨੌਧਾ ਭਗਤੀ

੧. ਸਰਵਨ = ਬਿਰਤੀ ਇਕਾਗਰ ਕਰਕੇ ਸ਼ਰਧਾ ਨਾਲ ਹਰੀ ਜਸ ਸਰਵਨ ਕਰਨਾ।

੨. ਕੀਰਤਨ = ਪ੍ਰੇਮ ਨਾਲ ਵਾਹਿਗੁਰੂ ਦਾ ਜਸ ਗਾਇਨ ਕਰਨਾ, ਕੀਰਤਨ ਭਗਤੀ ਹੈ।

੩. ਸਿਮਰਨ = ਸ਼ਰਧਾ ਸਹਿਤ ਸਿਮਰਨ ਕਰਨਾ, ਸਿਮਰਨ ਭਗਤੀ ਹੈ।

੪. ਬੰਦਨ = ਆਪਨੇ ਇਸ਼ਟ ਦੇਵ ਨੂੰ ਜਾਂ ਪੂਰਨ ਸੰਤਾਂ ਨੂੰ ਨਮਸਕਾਰ ਕਰਨਾ।

੫. ਅਰਦਾਸ = ਸ਼ਰਧਾ ਸ਼ਹਿਤ ਮਨ ਦੀ ਇਕਾਗਰਤਾ ਨਾਲ ਅਰਦਾਸ ਕਰਨੀ।

੬. ਅਰਚਨ = ਆਪਣੇ ਇਸ਼ਟ ਦੇਵ ਨੂੰ ਧੂਪ ਦੀਪ ਕਰਨੀ ਅਤੇ ਸੇਵਾ ਕਰਨੀ।

੭. ਦਾਸਾ = ਵਫਾਦਾਰ ਨੌਕਰ ਦੀ ਤਰ੍ਹਾਂ ਵਾਹਿਗੁਰੂ ਦੀ ਸੇਵਾ ਵਿਚ ਤਿਆਰ ਰਹਿਣਾ।

੮. ਸਖਾ = ਜਿਸ ਤਰ੍ਹਾ ਦਾ ਪਿਆਰ ਅਪਨੇ ਦੋਸਤ ਨਾਲ ਹੁੰਦਾ ਹੈ ਉਤਨਾ ਵਾਹਿਗੁਰੂ ਨਾਲ ਹੋਵੇ।

੯. ਨਿਵੇਧਨ ਭਗਤੀ = ਆਪਣਾ ਸਭ ਕੁਝ ਤਨ, ਮਨ, ਧਨ, ਅਰਪਨ ਕਰ ਦੇਣਾ। ਬਲ ਰਾਜਾ ਵਾਂਗ।

ਤਥਾ = ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪ ਬਹਾਨੈ॥

ਕਿਉਂ ਪਇਅਲ ਜਾਇ ਕਿਉਂ ਛਲੀਐ ਜੇ ਬਲ ਰੂਪ ਪਛਾਨੈ॥ ਪੰਨਾ ੧੩੪੪

ਤਥਾ = ਨਾਮਾਂ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦਆਰ ਖਰੋ॥੪॥ ੧੧੦੫

ਤਥਾ: ਬਲੁ ਛਲ ਆਪ ਛੁਲਾਇਨੁ ਹੋਏ ਦਿਆਲ ਮਿਲੇ ਗਲ ਲਾਵੈ।

ਭਾਈ ਗੁਰਦਾਸ ਜੀ ਵਾਰ ੧੦ ਪਉੜੀ ੩

ਤਥਾ: ਬਲ ਛਲ ਆਪ ਛਲਾਇਓਨ ਦਰਵਾਜ਼ੇ ਦਰਵਾਨ ਹੋਵੰਦਾ।

ਭਾਈ ਗੁਰਦਾਸ ਜੀ ਵਾਰ ੨੪-੭
ਸੰਸਾਰ ਸਮੁੰਦਰ

ਸੰਸਾਰ ਇਕ ਸਮੁੰਦਰ ਦੀ ਤਰ੍ਹਾਂ ਹੈ ਇਹਦੇ ਵਿਚ ਦੁਖ ਰੂਪ ਪਾਣੀ ਹੈ।

੧. ਆਸਾ ਤ੍ਰਿਸ਼ਨਾ ਆਦਿਕ ਲਹਿਰਾਂ ਉਠਦੀਆਂ ਹਨ।

੨. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਮਗਰਮੱਛ ਹਨ।

੩. ਆਧ, ਵਿਆਧ, ਉਪਾਧਿ, ਤੰਦੂਏ ਨੇ ਸੰਸਾਰ ਵਿਚ।

੪. ਸ਼ਬਦ, ਸਪਰਸ਼, ਰੂਪ, ਰਸ, ਗੰਧ=ਭੰਵਰ ਨੇ।

੫. ਅਵਿਦਿਆ, ਅਸੰਮਤਾ, ਰਾਗ ਦ੍ਵੈਸ, ਅਭਿਨ ਵੇਸ੍ਰ ਖੂਨਖਾਰ ਸੱਪ ਨੇ। ਜੀਵ ਲਈ ਇਹੋ ਜਿਹੇ ਗਹਿਰੇ ਸਮੁੰਦਰ ਵਿਚ ਬਗੈਰ ਜਹਾਜ਼ ਦੇ ਸਮੁੰਦਰ ਵਿਚੋਂ ਤਰਨਾ ਮੁਸ਼ਕਲ ਹੈ।

ਜਹਾਜ਼ ਕੀ ਹੈ = ਵਾਹਿਗੁਰੂ ਦਾ ਨਾਮੁ, ਕਪਤਾਨ = ਹੈ ਸਤਿਗੁਰੂ ਸਤਿਗੁਰੂ ਪਾਇਲਟ ਬਣਕੇ ਜਹਾਜ਼ ਵਿਚ ਬਿਠਾ ਕੇ ਸੁਰਗਲੋਕ ਵਿਚ ਪਹੁੰਚਾ ਦਿੰਦਾ ਹੈ। ਸੂਖਸ਼ਮ ਮੰਡਲਾਂ ਵਿਚ ਪਹੁੰਚ ਕੇ ਕੋਈ ਦੁਖ ਤਕਲੀਫ ਨਹੀਂ ਹੈ। ਇਸ ਦੇ ਲਈ ਨਾਮੁ ਜਪੋ ਅਤੇ ਸੱਚ ਬੋਲੋ ਸੱਚੀ ਕ੍ਰਿਤ ਕਰੋ। ਜੋ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਹਨ।

ਤਥਾ - ਵਾਹਿਗੁਰੂ ਨਾਮੁ ਜਹਾਜ਼ ਹੈ ਚੜੇ ਸੋ ਉਤਰੇ ਪਾਰ॥

ਜੋ ਸ਼ਰਧਾ ਕਰਿ ਸੇਵੰਦੇ ਗੁਰਪਾਰ ਉਤਾਰਨ ਹਾਰ॥

ਤਥਾ = ਵਾਹਿਗੁਰੂ ਗੁਰ ਮੰਤ੍ਰ ਹੈ ਜਪੁ ਹਉਮੈ ਖੋਈ॥ ਭਾ.ਸ.ਜੀ.

ਤਥਾ = ਬੇਗਮ ਪੁਰਾ ਸਹਰ ਕੋ ਨਾਉ॥

ਦੂਖੁ ਅੰਦੋਹੁ ਨਹੀਂ ਤਿਹ ਠਾਉ॥
(ਪੰਨਾ ੩੪੫)

ਮੋਖਯਾ ਪਦਵੀ ਅਤੇ ਪਰਮਾਨੰਦ ਪ੍ਰਾਪਤੀ ਦੇ ਚਾਰ ਦੁਆਰ ਪਾਲ ਹਨ।

੧. ਸਮ = ਮਨ ਦੀ ਇਕਾਗਰਤਾ ਅੰਤਰ ਮੁਖੀ ਦਾ ਨਾਮੁ ਹੈ।

੨. ਸੰਤੋਖ = ਜੋ ਵੀ ਪਰਾਲਭਦ ਅਨੁਸਾਰ ਪ੍ਰਾਪਤ ਹੋਵੇ।

੩. ਵੀਚਾਰ = ਵੀਚਾਰ ਗਿਆਨ ਅਤੇ ਇਨਸਾਨ ਦੋ ਚੀਜ਼ਾਂ ਦਾ ਹੈ।

ਵਾਂ: ਜਿਸਮ ਅਤੇ ਰੂਹ ਭਾਵ ਸ਼ਰੀਰ ਅਤੇ ਰੂਹ-ਜੀਵ ਆਤਮਾ।

ਜੀਵ ਆਤਮਾ ਸਤ ਚਿਤ ਆਨੰਦ ਹੈ, ਜਿਸਮ ਦਾ ਸਰੂਪ ਅਸਤਿ ਹੈ।

੪. ਸਤਸੰਗ = ਸਤਸੰਗ ਕਹਿੰਦੇ ਹਨ ਬ੍ਰਹਮ ਗਿਆਨੀ ਪੁਰਸੋਂ ਕੀ ਸੰਗਤ। ਕਰਨੀ ਜਾਂ ਉਨ੍ਹਾਂ ਦੇ ਬਚਨ ਪੜ੍ਹਨੇ ਸੁਣਨੇ ਅਤੇ ਸਤਿ ਆਤਮਾ ਸੇ ਬਿਰਤੀ ਲੀਨ ਕਰਨਾ।

ਤਥਾ = ਸਤ ਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਏ ਜੀਉ॥

(ਪੰਨਾ ੭੨)

ਤਥਾ: ਬਿਲਾਵਲ ਮਹਲਾ ੫॥

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥੧॥

(ਪੰਨਾ ੮੧੧)

ਅਰਥ: ਪਰਮਾਤਮਾ ਦੇ ਦਾਸਾਂ ਸੰਤਾਂ ਦੇ ਡੇਰਿਆਂ 'ਤੇ ਪਾਣੀ ਭਰਨ ਦੀ ਸੇਵਾ ਕਰ, ਅਤੇ ਪੱਖੇ ਨਾਲ ਹੱਵਾ ਝੱਲ, ਚਕੀ ਵਿਚ ਦਾਣੇ ਪੀਹ ਕੇ ਸੰਤਾਂ ਨੂੰ ਪ੍ਰਸਾਦਿ ਭੋਜਨ ਛਕਾਓ, ਇਸ ਤਰੀਕੇ ਨਾਲ ਸੇਵਾ ਕਰ ਤਾਂ ਤੂੰ ਵੀ ਨਿਹਾਲ ਹੋ ਜਾਏਗਾ। ਭਾਵ ਸੁਖੀ ਹੋਵੇਗਾ।

ਰਾਗ ਮਲਾਹ ਵਾਰ ਮ: ੧ (ਪੰਨਾ ੧੨੮੭)
ਲਖ ਮਣ ਸੁਇਨਾ ਮਣ ਰੁਪਾ ਲਖ ਸਾਹਾ ਸਿਰਿ ਸਾਹ।
ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸ਼ਾਹ॥

ਅਰਥ:- ਹੇ ਪੁਰਖਾ ਤੇਰੇ ਪਾਸ ਭਾਵੇਂ ਲੱਖਾਂ ਮਣ ਸੋਨਾ, ਲੱਖਾ ਮਣ ਰੁਪਾ ਆਦਿਕ ਹੈ, ਲੱਖਾਂ ਹੀ ਸ਼ਾਹਾਂ ਵਿਚੋਂ ਸਿਰਿ ਸ਼ਾਹ = ਸ਼ਰੋਮਣੀ ਸ਼ਾਹੂਕਾਰ ਹੈਂ। ਭਾਵੇਂ ਤੂੰ ਇਤਨਾ ਵਡਾ ਰਾਜਾ ਹੈਂ ਤੇਰੇ ਪਾਸ ਲਖ ਲਸਕਰ = ਫੌਜਾਂ ਦੇ ਹੋਣ ਅਤੇ ਤੈਨੂੰ ਸਲਾਮ ਦੇਣ ਸਮੇਂ ਲੱਖਾਂ ਹੀ ਵਾਜੇ ਵਜਦੇ ਹੋਣ ਲੱਖਾਂ ਹੀ ਘੋੜ ਅਸਵਾਰ ਸੂਰਮੇ ਨੇਜ਼ੇ ਫੜ ਕੇ ਖੜ੍ਹੇ ਹੋਣ ਤੇਰੇ ਸਤਕਾਰ ਲਈ।

੨. ਜਿੱਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ॥
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ॥
ਅਰਥ=ਅਗਰ ਨਾਮੁ ਤੋਂ ਹੀਣਾ ਹੈ ਤਾਂ ਜਮਾਂ ਨੇ ਫੜਕੇ ਸਾਇਰੁ॥

ਵੈਤਰਨੀ ਨਦੀ ਵਿਚ ਦੀ ਲੈਕੇ ਜਾਣਾ ਹੈ ਜਿੱਥੇ ਦਸ ਹਜ਼ਾਰ ਜੋਜਨ ਅੱਗ ਦਾ ਕੁੰਡ ਹੈ ਅਤੇ ਉਹ ਨਦੀ ਅਸਗਾਹ ਪਾਣੀ ਦੀ ਭਰੀ ਹੈ ਲਹੂ, ਪਾਕ, ਮੂੰਹ ਦੀਆਂ ਰਾਲਾਂ ਨਾਲ ਭਰੀ ਹੋਈ ਹੈ। ਉਸ ਵੈਤਰਨੀ ਨਦੀ ਉਰਵਾਰਲੀ ਅਤੇ ਪਾਰਲੀ ਕੰਧੀ ਨਿਗਾਹ ਨਹੀਂ ਆਉਂਦੀ ਉਥੇ ਧਾਹਾਂ ਮਾਰ ਕੇ ਰੋਵੇਂਗਾ ਤੇਰੇ ਜੈਸੇ ਨਾਮੁ ਤੋਂ ਭੁਲੇ ਹੋਇ ਜੀਵਾਂ ਦਾ ਹਾਹਾਕਾਰ ਮਚਿਆ ਹੈ।

ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ॥੪॥

(ਪੰਨਾ ੧੨੮੭)

ਗੁਰੂ ਜੀ ਕਥਨ ਕਰਦੇ ਹਨ - ਸਾਹ ਅਤੇ ਪਾਤਿਸ਼ਾਹ ਉਥੇ ਜਾਕੇ ਜਾਣੇ ਜਾਂਦੇ ਹਨ, ਉਥੇ ਧਨ ਦੌਲਤ ਨੇ ਮਦਦ ਨਹੀਂ ਕਰਨੀ ਉਥੇ ਸ਼ੁਭ ਕਰਮਾਂ ਭਾਵ ਨਾਮ ਹੀ ਛਡਾਇਗਾ ਜੇ ਤੈਂ ਪੂਰਿਆਂ ਗੁਰਾਂ ਦੁਆਰਾ ਜਪਿਆ ਹੋਵੇਗਾ॥੪॥

ਵਡਹੰਸ ਮਹਲਾ ੧ ਘਰ ੨

ਉਥਾਨਕ: ਬ੍ਰਹਮਾ ਦੀ ਕੁਲ ਵਿਚ ਕੱਸ਼ਪ ਰਿਖੀ ਜੀ ਹੋਏ ਹਨ, ਜਿਸ ਦੇ ਘਰ ਹਿਰਨਕਸ਼ਪ ਅਤੇ ਹਰਨਾਖਸ਼ ਪੁੱਤਰ ਪੈਦਾ ਹੋਏ ਹਰਨਾਖਸ਼ ਦੇ ਪ੍ਰਹਿਲਾਦ ਭਗਤ ਪੁੱਤਰ ਪੈਦਾ ਹੋਇਆ। ਪ੍ਰਹਿਲਾਦ ਦਾ ਪੁੱਤਰ, ਬਿਰੋਚਨ ਸੀ, ਰਾਜਾ ਬਿਰੋਚਨ ਦੇ ਘਰ ਬਲਰਾਜਾ ਜਨਮਿਆ। ਵਿਸ਼ਨੂੰ ਦੇ ਬਾਵਨ ਰੂਪ ਧਾਰਕੇ ਬਲਰਾਜਾ ਨੂੰ ਛਲਿਆ ਅਤੇ ਉਸ ਦੀ ਭਗਤੀ ਅਤੇ ਸ਼ਰਧਾ ਦੇਖ ਕੇ ਪਤਾਲ ਦਾ ਰਾਜ ਦਿੱਤਾ ਅਤੇ ਉਸਦੇ ਦਰ 'ਤੇ ਪਹਿਰਾ ਦੇਣਾ ਸਵੀਕਾਰ ਕੀਤਾ। ਉਸ ਬਲ ਰਾਜਾ ਦੇ ਘਰ ਬਾਨਾਸੁਰ ਨਾਮੀ ਪੁੱਤਰ ਪੈਦਾ ਹੋਇਆ। ਬਾਨਾਸੁਰ ਨੇ ਕੈਲਾਸ ਪਰਬਤ 'ਤੇ ਬੈਠਕੇ ਬੜਾ ਭਾਰੀ ਤਪ ਕੀਤਾ ਸ਼ਿਵਜੀ ਨੂੰ ਖੁਸ਼ ਕਰਕੇ ਸ਼ਿਵਜੀ ਤੋਂ ਹਜ਼ਾਰਾਂ ਬਾਹਾਂ ਦਾ ਬਲ ਵਰਦਾਨ ਲੈ ਲਿਆ। ਰਾਜਾ ਬਾਨਾਸੁਰ ਨੇ ਬੜੀਆਂ ਖੁਸ਼ੀਆਂ ਪਰਾਪਤ ਕੀਤੀਆਂ। ਸ਼ਿਵਜੀ ਮਹਾਰਾਜ ਦਾ ਪੂਰਨ ਸਤਿਕਾਰ ਕੀਤਾ। ਉਪਰੰਤ ਬਾਨਾਸੁਰ ਅਗਨੀ ਅਤੇ ਪਉਣ ਦਾ ਕੋਟ ਉਸਾਰਕੇ ਚੌਫੇਰੇ ਜਲ ਦੀ ਖਾਈ ਬਣਾਕੇ ਨਿੱਡਰ ਹੋ ਕੇ ਰਹਿਣ ਲੱਗਾ। ਇਕ ਸਮੇਂ ਰਾਜੇ ਬਾਨ-ਾਸੁਰ ਦੀਆਂ ਬਾਹਾਂ ਫੁਰਕਣ ਲੱਗੀਆਂ। ਤਾਂ ਰਾਜਾ ਸੋਚਦਾ ਹੈ ਜੁਧ ਕਰਨ ਨੂੰ ਦਿਲ ਕਰਦਾ ਹੈ ਜੁਧ ਕਰਨ ਲਈ ਕੋਈ ਵੀ ਜੋਧਾ ਤਿਆਰ ਨਹੀਂ ਹੈ। ਬਾਹਾਂ ਦੀ ਖੁਰਕ ਯੁੱਧ ਕੀਤੇ ਬਿਨਾਂ ਹੱਟ ਨਹੀਂ ਸਕਦੀ। ਇਸ ਜੋਸ ਨਾਲ ਕਈ ਪਹਾੜਾਂ ਨੂੰ ਟਰਕਾ ਟਕਰਾ ਕੇ ਚਕਨਾਚੂਰ ਕਰ ਦਿੱਤਾ। ਪਰ ਬਾਹਾਂ ਫੇਰ ਵੀ ਜੰਗ 'ਚੋਂ ਦੀਆਂ ਹਨ। ਇਕ ਦਿਨ ਸ਼ਿਵਜੀ ਪਾਸ ਜਾਕੇ ਕਿਹਾ ਮੈਨੂੰ ਕੋਈ ਮੇਰੇ ਜੈਸਾ ਸੂਰਮਾ ਦਸ ਜਿਸ ਦੇ ਨਾਲ ਯੁੱਧ ਕਰਕੇ ਮੈਨੂੰ ਸ਼ਾਂਤੀ ਪਰਾਪਤ ਹੋਵੇ ਬਾਹਾਂ ਫੁਰਕਣੋ ਹਟ ਜਾਣ। ਸ਼ਿਵਜੀ ਨੇ ਕਿਹਾ ਘਬਰਾ ਨਾ ਤੇਰੇ ਨਾਲ ਯੁੱਧ ਕਰਨ ਵਾਲਾ ਯਾਦਵ ਕ੍ਰਿਸ਼ਨ ਭਗਵਾਨ ਵਿਸ਼ਨੂੰ ਦਾ ਅਵਤਾਰ ਆਵੇਗਾ। ਬਾਨਾਬੁਰ ਖੁਸ਼ ਹੋਕੇ ਕਹਿਣ ਲੱਗਿਆ ਮੈਨੂੰ ਪਤਾ ਕਿਵੇਂ ਲੱਗੇਗਾ। ਇਹ ਸੁਣਕੇ ਸ਼ਿਵਜੀ ਨੇ ਰਾਜੇ ਨੂੰ ਇਕ ਧੁਜਾ-ਝੰਡਾ ਦੇ ਦਿੱਤਾ ਅਤੇ ਕਿਹਾ ਇਸਨੂੰ ਆਪਣੇ ਸੁੰਦਰ ਮੰਦਰਾਂ 'ਤੇ ਉਚੀ ਜਗਾ 'ਤੇ ਝੁਲਾ ਦੇ, ਜਿਸ ਵੇਲੇ ਕ੍ਰਿਸ਼ਨ ਯਾਦਵ ਆਇਗਾ ਤਾਂ ਤੇਰੀ ਧੁਜਾ=ਝੰਡਾ ਆਪਣੇ ਆਪ ਡਿਗ ਜਾਏਗੀ।

ਹੁਣ ਕ੍ਰਿਸ਼ਨ ਭਗਵਾਨ ਦੇ ਆਉਣ ਦਾ ਸਬੰਧ ਬਾਨਾਸੁਰ ਦੀ ਲੜਕੀ ਉਖਾ ਤੋਂ ਸ਼ੁਰੂ ਹੋਵੇਗਾ। ਬਾਨਾਸੁਰ ਦੀ ਲੜਕੀ ਉਖਾ ਸ਼ਿਵਜੀ ਪਾਸ ਪੜਨ ਲਈ ਜਾਂਦੀ ਸੀ। ਇਕ ਦਿਨ ਉਖਾ ਨੇ ਸ਼ਿਵਜੀ ਅਤੇ ਪਾਰਬਤੀ ਨੂੰ ਗਲਾਂ ਕਰਦੇ ਹੱਸ਼ਦੇ ਦੇਖ ਲਿਆ ਤਾਂ ਉਖਾ ਦੇ ਮਨ ਵਿਚ ਪਤੀ ਪਰਾਪਤੀ ਦੀ ਇੱਛਾ ਹੋਈ ਤਾਂ ਸ਼ਿਵਜੀ ਉਸ ਦੀ ਮਨੋਕਾਮਨਾ ਨੂੰ ਜਾਣ ਗਏ ਅਤੇ ਕਿਹਾ ਪੁੱਤਰੀ ਤੇਰਾ ਹੋਣ ਵਾਲਾ ਪਤੀ ਤੈਨੂੰ ਸੁਪਨੇ ਵਿਚ ਮਿਲੇਗਾ, ਅੱਗੇ ਤੋਂ ਵਿਦਿਆ ਪੜ੍ਹਨ ਨਾ ਆਈ! ਤਾਂ ਉਡੀਕਾਂ ਕਰਦੀ ਨੂੰ ਸੁਪਨੇ ਵਿਚ ਨੌਜਵਾਨ ਸੁੰਦਰ ਸਵੀਲਾ ਪਤੀ ਆ ਜਾਂਦਾ ਹੈ ਬਹੁਤ ਹੀ ਪ੍ਰਸੰਨ ਹੋਈ, ਜਦੋਂ ਅੱਖ ਖੁੱਲ੍ਹੀ ਤਾਂ ਉਥੇ ਕੁਝ ਵੀ ਨਹੀਂ। ਉਦਾਸ ਹੋ ਗਈ ਬੀਮਾਰਾਂ ਵਾਂਗ ਸੁਦਾਈਆਂ ਵਾਂਗ ਪਈ ਹੈ! ਇਕ ਚਿਤਰਰੇਖਾ ਨਾਮ ਦੀ ਸਖੀ ਨੇ ਪੁੱਛਿਆ ਮੈਂ ਤੇਰੀ ਪੂਰੀ ਮਦਦ ਕਰਾਂਗੀ ਤੂੰ ਮੈਨੂੰ ਆਪਣਾ ਦੁਖ ਦਸ। ਲੜਕੀ ਨੇ ਸ਼ਿਵਜੀ ਦਾ ਵਰਦਾਨ ਅਤੇ ਸੁਪਨੇ ਵਿਚ ਪਤੀ ਨਾਲ ਮੇਲ ਹੋਣ ਦੀ ਸਾਰੀ ਗੱਲ ਦਸ ਦਿੱਤੀ ਅਤੇ ਕਿਹਾ ਕਿ ਜੇ ਮੇਰਾ ਪਤੀ ਨਾ ਮਿਲਿਆ ਤਾਂ ਮੈਂ ਅਨ ਜਲ ਨਾ ਖਾਵਾਂਗੀ ਪ੍ਰਾਣ ਤਿਆਗ ਜਾਵਾਂਗੀ। ਚਿੱਤਰ ਰੇਖਾ ਰਾਖਸ਼ਣੀ ਨੇ ਕਿਹਾ ਮੇਰੇ ਪਾਸ ਇਕ ਇਲਮ ਹੈ ਮੈਂ ਤੈਨੂੰ ਤਿੰਨਾਂ ਲੋਕਾਂ ਦੇ ਸਾਰੇ ਮਨੁਖ ਦਿਖਾ ਦੇਵਾਂਗੀ ਜਦੋਂ ਤੇਰਾ ਪਤੀ ਸਾਹਮਣੇ ਆਇਆ ਮੈਨੂੰ ਦੱਸ ਦੇਣਾ। ਜਿਸ ਵੇਲੇ ਸਾਰੇ ਸੰਸਾਰ ਦੇ ਮਨੁੱਖ ਦਿਖਾ ਰਹੀ ਹੈ ਲੜਕੀ ਚੁਪ ਰਹੀ ਅਤੇ ਤਾਂਘ ਨਾਲ ਦੇਖਦੀ ਸੀ, ਜਿਸ ਵੇਲੇ ਦੁਆਰਕਾ ਨਗਰੀ ਆਈ ਤਾਂ ਯਾਦਵਾਂ ਵਿਚੋਂ ਕ੍ਰਿਸ਼ਨ ਬਲਰਦ੍ਰ ਆਦਿਕ ਦੇ ਦਰਸ਼ਨ ਹੋਏ ਤਾਂ ਕੁਝ ਖੁਸ਼ੀ ਮਹਿਸੂਸ ਕੀਤੀ ਜਿਸ ਵੇਲੇ ਅਨੁਰੁਧ ਸਾਹਮਣੇ ਦਿਸੇ ਕ੍ਰਿਸ਼ਨ ਜੀ ਦੇ ਪੋਤਰੇ ਤਾਂ ਖੁਸ਼ੀਆਂ ਵਿਚ ਝੂਮ ਉਠੀ ਅਤੇ ਬੋਲੀ ਇਹ ਮੇਰੇ ਪਾਸ ਸੁਪਨੇ ਵਿਚ ਆਇਆ ਸੀ, ਜਿਸਨੇ ਮੇਰੇ ਮਨ ਨੂੰ ਚੁਰਾਇਆ ਹੈ।

ਚੋਪਈ॥ ਅਬ ਮਨ ਚੋਰ ਸਖੀ ਮੈਂ ਪਾਇਉ॥ ਰਾਤ ਯਹੀ ਮੇਰੇ ਢਿਗ ਆਇਓ॥

ਕਰ ਅਬ ਸਖੀ ਤੂੰ ਕਛੂ ਉਪਾਹਿ॥ ਯਾਂ ਕੋ ਢੂੰਡ ਕਹੂੰ ਤੇ ਲਿਆਇ॥

ਇਹ ਗਲ ਸੁਣਕੇ ਚਿਤ੍ਰ ਰੇਖ ਨੇ ਕਿਹਾ ਇਹ ਤਾਂ ਸਮੁੰਦਰ ਦੇ ਕਨਾਰੇ ਦੁਆਰਕਾ ਨਗਰੀ ਵਿਚ ਰਹਿੰਦਾ ਹੈ। ਯਾਦਵਾਂ ਦੀ ਬੰਸ ਵਿਚੋਂ ਕ੍ਰਿਸ਼ਨ ਜੀ ਦਾ ਪੋਤਰਾ ਹੈ, ਪ੍ਰਦੁਮਨ ਦਾ ਪੁੱਤਰ ਅਨੁਰੁਧ ਹੈ। ਰਾਜ ਕੁਮਾਰੀ ਜੀ ਚਿੰਤਾ ਮੱਤ ਕਰ ਮੈਂ ਹੁਣੇ ਲੈਕੇ ਆਉਂਦੀ ਹਾਂ ਤੇਰੇ ਪਤੀ ਨੂੰ। ਚਿਤਰ ਰੇਖਾ ਨੇ ਜੋਗਨ ਇਲ ਦਾ ਰੂਪ ਧਾਰਕੇ ਉਡਾਰੀ ਮਾਰੀ ਅਤੇ ਦਵਾਰਕਾ ਵਿਚ ਕ੍ਰਿਸ਼ਨ ਜੀ ਦੇ ਭੈ ਤੋਂ ਬਿਨਾ ਮਹਿਲਾਂ ਵਿਚ ਦਾਖਲ ਹੋ ਗਈ। ਅਨੁਰੁਧ ਨੂੰ ਸੁਤੇ ਪਏ ਨੂੰ ਪਲੰਗ ਦੇ ਸਹਿਤ ਉਠਾ ਕੇ ਉਡਾਰੀ ਮਾਰੀ ਉਖਾ ਦੇ ਮਹਿਲਾਂ ਵਿਚ ਲਿਆ ਕੇ ਵਿਜੋਗਨੀ ਰਾਜ ਕੁਮਾਰੀ ਉਖਾ ਦਾ ਦੁਖ ਦੂਰ ਕੀਤਾ।

ਦੋਹਰਾ॥ ਸੰਗ ਲਯੋ ਅਨੁਰੁਧ ਕੋ ਦੂਤੀ ਹਰਖ ਬਢਾਇ॥

ਉਖਾ ਕੋ ਪੁਰ ਥੋ ਜਹਾਂ ਤਹਾਂ ਪਹੂਚੀ ਆਇ॥੨੨੦੩॥ ਪਾ: ਦਸਵੀਂ

ਚਿਤਰ ਰੇਖਾ ਨੂੰ ਇਹ ਚਿੱਤਰਕਾਰੀ ਕਰਨ ਦਾ ਇਲਮ ਨਾਰਦ ਮੁੰਨੀ ਤੋਂ ਮਿਲਿਆ ਸੀ, ਉਹ ਇਤਨੀ ਸੁਜਾਨ ਸੀ ਚੌਦਾਂ ਲੋਕਾਂ ਦੇ ਸਾਰੇ ਜੀਵਾਂ ਦੀ ਚਿਤਰਕਾਰੀ ਕੰਧ 'ਤੇ ਲਿਖ ਸਕਦੀ ਸੀ, ਰਾਜ ਕੁਮਾਰੀ ਨੂੰ ਚਿੱਤਰਕਾਰੀ ਵਿਚ ਅਨੁਰੁਧ ਉਸਦਾ ਪਤੀ ਦਿਖਾਇਆ ਸੀ। ਜਿਸ ਸਮੇਂ ਅਨੁਰੁਧ ਰਾਜ ਕੁਮਾਰੀ ਪਾਸ ਆਉਂਦਾ ਹੈ ਤਾਂ ਸ਼ਿਵਜੀ ਦੀ ਦਿੱਤੀ ਹੋਈ ਧੁਜਾ-ਝੰਢਾ ਧਰਤੀ 'ਤੇ ਡਿਗ ਪਿਆ ਰਾਜਾ ਸੋਚਦਾ ਹੈ ਅਤੇ ਖੁਸ਼ੀ ਮਹਿਸੂਸ ਕਰਦਾ ਹੈ, ਕਿ ਸ਼ਿਵਜੀ ਨੇ ਵਰਦਾਨ ਦਿੱਤਾ ਸੀ ਕਿ ਤੇਰੇ ਨਾਲ ਜੰਗ ਕਰਨ ਵਾਲਾ ਆਏਗਾ ਦੁਆਪਰ ਜੁਗ ਦੇ ਅਵਤਾਰ ਕ੍ਰਿਸ਼ਨ ਜੀ ਸੋਲਾਂ ਕਲਾ ਸੰਪੂਰਨ। ਇਤਨੇ ਨੂੰ ਕਿਸੇ ਆਕੇ ਦੱਸਿਆ ਰਾਜਾ ਬਾਨਾਸੁਰ ਆਪ ਜੀ ਦੀ ਪੁੱਤਰੀ, ਉਖਾ ਦੇ ਮਹਿਲਾਂ ਵਿਚ ਕੋਈ ਆਦਮੀ ਆਇਆ ਹੈ।

# The deadliest Drone on this land MQ-9 was used to assassinate Qassem Soleimani



By: Surjit Singh Flora

After World War I, the British pilot Reginald Danny, who arrived in the United States in 1919, developed the unmanned airliner. Remote control powered it. Earlier in 1839, the Austrian forces had attacked the beautiful Italian city of Venice with unmanned balloons.

For the first time in 1946, the word drone was used for unmanned aviation. The father of drone technology UAV (drone) was actually Abraham Karem (a ship engineer), Who was born in Baghdad. His family moved to Israel in 1951, where he grew up, and at the age of 14, he started building model aircraft. He graduated in aeronautical engineering from The Technion.

He built his first drone during the Yom Kippur war for the Israeli Air Force. In the 1970s, he immigrated to the U.S. He founded Leading Systems Inc. in his home garage, where he started manufacturing his first drone, Albatross, and later on, the more sophisticated Amber, which eventually evolved into the famous Predator drone, which brought him the title of "drone father".

The MQ-9 Reaper, or 'Predator B' drone, has only one object — to find, fix, and finish its targets. One of the deadliest. Drones in the US' arsenal is used against 'dynamic execution targets.' On January 2, it assassinated. Iran's military general, Qassem Soleimani.

The MQ-9 Reaper drone is regarded as one of the deadliest on this land. Not just because of its speed and firepower, but also because of its stealth.

The successor to the MQ-1 The successor to the MQ-1 Predator drone is capable of flying 250 meters off the ground without anyone below even knowing that it's there unless they look it up.

The'M' in its name stands for 'multi-role' while the nine designates where it falls in the series of unmanned aerial vehicles (UAV's)

The question that comes to mind is what this drone technology is. The word drone is more appropriate for unmanned aerial vehicles or vehicles. The unmanned machine has two parts: (1) drone (2) control system.

In fact, the drone is an unmanned robotic machine whose technology and design are based on modern electronic methods. The structure of the drone depends on the equipment, chips, and computerized software programs installed.



Millions of dollars are being spent on this technology, and new drones are being made available in the market. The technology of the drone is such that it can fly and record anything at high altitude. It fits in unmanned aerial machines, gimbals (cameras taking photos from various angles), and cameras equipped with modern sensors. The fast-moving face of drone technology is based on a variety of inventions such as infrared cameras, GPS (global satellite systems), and laser technologies. Such drones can be used for domestic, commercial, and military level operations.

Talking about the structure of the drone, the material it produces is a model of the highest engineering. The combination of complex compounds forms it. Extremely light materials such as plastic, fiberglass, aluminum, and nanocarbon-fibers are used to make drones so that they are lightweight and can fly to higher altitudes.

In the wind, too, its working power could be increased. The weight of such substances is meager, and they absorb the vibrations in the air. Such a structure allows military drones to fill up to seven heights. The drone can be controlled from the ground with remote control. The drone has its sensors, cameras, and sidewalks mounted on it. When it comes to the types and functions of drones, they are available in different types and sizes.

Highly advanced drones like DJI Mavic 2, Mavic Air, Phantom 4 Pro, inspire 2, and Voyager 5 are coming to market.

DJI Phantom 3 is being used in drone military activities called Predators. This type of drone has short wings and can fly on a small airstrip. These drones keep an eye on large areas of land (geological surveys), forests, wildlife hunters, and intruders on the borders. DJIs are based on the Spicer drone Vital Technology (vertical flight and landing) called Mavic Air, which can fly and fly quickly. Some nano-type drones can fly from human hands. The latest satellite drones also feature a global satellite system.

Drone precision works with the help of GPS navigation systems. The quadcopter operates with the help of a four-stage drone satellite. GPS and GLONASS operated drones are being used in landscape studies, landscaping, research, and rescue operations to produce three-dimensional maps of the earth. With the help of radar technology, signals are sent to the drone via a remote-control system that can detect its current location and location.

Also, its safe return is controlled by the satellite system. The drone's Mavic Air variant is a software fit that allows it to come back safely in case of trouble with automatic commands (such as battery power loss, signal breaks with the control station). Different types of drones are being installed with modern sensors to prevent the enemy's precise grip and collision with another drone.

With the help of such sensors, it creates a 3-D (3D) image of the area around it and targets the target and protects it from potential collisions. The Mavic 2 Pro and Mavic 2 Zoom drones have sensors and cameras to detect objects from six sides. Such a drone, equipped with an automatic pilot system, can fly back and forth in all directions. The convenience of the gyroscope device helps the drone to fly and land smooth. This device provides important navigation information to the drone's central flight controller. The flight controller itself is the main central component of the drone.

Brand new types of Mavic 2 drone cameras can send a live broadcast of HD video over images up to 8 km away. Older drones were capable of transmitting such signals only for 3-4 kilometers.

# ਭਾਰਤੀਆਂ ਲਈ ਖੁਸ਼ਕ ਰੁੱਤ ਵਰਗਾ ਤੇ ਨਿਰਦਈ ਹੈ ਸਾਲ 2020

-ਆਕਾਰ ਪਟੇਲ-

ਨਾਗਰਿਕਤਾ ਸੋਧ ਕਾਨੂੰਨ ਨੋਟੀਫਾਈ ਅਤੇ ਲਾਗੂ ਹੋ ਚੁੱਕਾ ਹੈ। ਇਸ ਦੇ ਵਿਰੁੱਧ ਦੇਸ਼ ਭਰ ਵਿੱਚ ਹੋ ਰਹੇ ਪ੍ਰਦਰਸ਼ਨਾਂ ਦਾ ਸਰਕਾਰ 'ਤੇ ਕੋਈ ਫਰਕ ਨਹੀਂ ਪਿਆ, ਜੋ ਇਸ ਦੇ ਹੱਕ ਵਿੱਚ ਹੈ। ਇਸ ਦਾ ਮਤਲਬ ਇਸ ਨੂੰ ਇੱਕ ਕਾਨੂੰਨ ਦੇ ਤੌਰ 'ਤੇ ਦੇਖਿਆ ਜਾਵੇਗਾ, ਜਿਸ ਨੇ ਕੌਮਾਂਤਰੀ ਪੱਧਰ 'ਤੇ ਇਸ ਪ੍ਰਤੀ ਵਿਰੋਧ ਦੇਖਿਆ ਹੈ। ਦੇਸ਼ ਦੇ ਵਿਦੇਸ਼ ਮੰਤਰੀ ਅਮਰੀਕੀ ਕਾਂਗਰਸ ਨੂੰ ਵੂਮੈਨ ਨਾਲ ਇੱਕ ਬੈਠਕ ਵਿੱਚੋਂ ਉਠ ਕੇ ਚਲੇ ਗਏ, ਜੋ ਇਸ ਮੁੱਦੇ 'ਤੇ ਉਨ੍ਹਾਂ ਨੂੰ ਲੰਮੇ ਹੱਥੀਂ ਲੈਣਾ ਚਾਹੁੰਦੀ ਸੀ। ਹਾਲਾਂਕਿ ਇਸ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕੇਸ ਵਿੱਚ ਪੂਰੇ ਦੇਸ਼ ਨੇ ਨੌਜਵਾਨ ਔਰਤਾਂ, ਅਤੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਯੂਨੀਅਨ ਦੀ ਨੇਤਾ 'ਤੇ ਹੋਏ ਹਮਲਿਆਂ ਦਾ ਦ੍ਰਿਸ਼ ਦੇਖਿਆ। ਉਨ੍ਹਾਂ ਲਈ ਨਿਆਂ ਮੰਗਿਆ ਗਿਆ। ਪੁਲਸ ਨੇ ਵਿਦਿਆਰਥੀ ਯੂਨੀਅਨ ਦੀ ਨੇਤਾ ਨੂੰ ਹੀ ਮੁਲਜ਼ਮ ਬਣਾ ਦਿੱਤਾ। ਇਸ ਦੇ ਉਲਟ ਹਮਲਾਵਰਾਂ ਨੂੰ ਕਲੀਨ ਚਿਟ ਦੇ ਦਿੱਤੀ ਗਈ। ਸਿਧਾਂਤਕ ਤੌਰ 'ਤੇ ਪ੍ਰਸ਼ਾਸਨ ਦੀ ਪੁਲਸ ਆਜ਼ਾਦ ਹੈ, ਪਰ ਅਜਿਹਾ ਸੱਚ ਨਹੀਂ ਹੈ। ਪੁਲਸ ਉਹੋ ਜਿਹਾ ਕਰੇਗੀ, ਜਿਹੋ ਜਿਹਾ ਸਰਕਾਰ ਨਿਰਦੇਸ਼ ਦਿੰਦੀ ਹੈ, ਕਿਉਂਕਿ ਦਿੱਲੀ ਪੁਲਸ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਥਾਨਕ ਸਰਕਾਰ ਦੇ ਅਧੀਨ ਨਹੀਂ, ਸਗੋਂ ਉਹ ਮੋਦੀ ਦੀ ਕੇਂਦਰੀ ਸਰਕਾਰ ਦੇ ਕੰਟਰੋਲ ਵਿੱਚ ਹੈ। ਇਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਹੀ ਹਨ, ਜਿਨ੍ਹਾਂ ਨੇ ਨਿਆਂ ਨੂੰ ਪਲਟਣ ਲਈ ਆਪਣੀ ਮਨਜ਼ੂਰੀ ਦਿੱਤੀ ਹੈ।

ਜਦੋਂ ਜੰਮੂ-ਕਸ਼ਮੀਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਬਦਲਿਆ ਗਿਆ ਤੇ ਉਥੇ ਭਰਾਤੀ ਸੁਰੱਖਿਆ ਬਲ ਗਲੀਆਂ ਅਤੇ ਸੜਕਾਂ 'ਤੇ ਤੈਨਾਤ ਸਨ, ਮੈਂ ਇੱਕ ਸਥਾਨਕ ਪੱਤਰਕਾਰ ਨੂੰ ਪੁੱਛਿਆ ਕਿ ਨਵੀਂ ਦਿੱਲੀ ਦੀ ਰਣਨੀਤੀ ਕੀ ਹੈ? ਉਸ ਨੇ ਕਿਹਾ ਕਿ ਕੁਝ ਵੀ ਨਵਾਂ ਦਿਖਾਈ ਨਹੀਂ ਦਿੰਦਾ, ਪਰ ਪ੍ਰਸ਼ਾਸਨ ਲਈ ਕੌਮੀ ਸੁਰੱਖਿਆ ਸਲਾਹਕਾਰ ਡੋਭਾਲ ਤੋਂ ਨਿਰਦੇਸ਼ ਆਉਂਦੇ ਹਨ, ਜੋ ਇਹ ਨਿਰਦੇਸ਼ ਦਿੰਦੇ ਹਨ ਕਿ ਸਥਾਨਕ ਲੋਕਾਂ ਲਈ ਸਖਤ ਰਵੱਈਆ ਅਪਣਾਓ, ਬਹੁਤ ਜ਼ਿਆਦਾ ਸਖਤ ਤੇ ਅਜਿਹਾ ਹੋਇਆ ਵੀ ਹੈ। ਵਾਦੀ ਦੇ ਨੇਤਾ ਬਿਨਾਂ ਕੋਈ ਦੋਸ਼ ਅਤੇ ਅਪਰਾਧ ਦੇ ਜੇਲ੍ਹਾਂ 'ਚ ਬੰਦ ਹਨ। ਨਾਗਰਿਕ ਵੀ ਇਸੇ ਤਰ੍ਹਾਂ ਜੇਲ੍ਹ 'ਚ ਹਨ। ਸਭ ਕਿਸਮ ਦੀਆਂ ਸਰਗਰਮੀਆਂ 'ਤੇ ਪਾਬੰਦੀਆਂ ਹਨ। ਸ਼ਾਂਤੀਪੂਰਨ ਇਕੱਠੇ ਹੋਣ ਦਾ ਕੋਈ ਅਧਿਕਾਰ ਨਹੀਂ। ਸੰਚਾਰ ਵਿਵਸਥਾ ਲੋਕਾਂ ਦੀ ਪਹੁੰਚ ਤੋਂ ਬਾਹਰ ਤੇ ਇਹ ਕਿੰਨੇ ਸਾਲਾਂ ਤੋਂ ਚੱਲ ਰਿਹਾ ਹੈ ਕਿ ਉਨ੍ਹਾਂ ਦੇ ਪ੍ਰਵੇਸ਼ ਦੁਆਰ ਲਗਾਤਾਰ ਸੁਰੱਖਿਆ ਬਲਾਂ ਦੇ ਪਹਿਰੇ 'ਚ ਹਨ। ਅਜਿਹਾ ਕੋਈ ਵੀ ਸ਼ਬਦ ਜਾਂ ਕਾਰਵਾਈ ਇਹ ਭਰੋਸਾ ਨਹੀਂ ਦਿਵਾਉਂਦੀ ਕਿ ਕਸ਼ਮੀਰ ਲਈ ਭਵਿੱਖ ਕੁਝ ਵੱਖਰਾ ਦਿਖਾਈ ਦੇਵੇਗਾ।


ਉਕਤ ਗੱਲਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਭਾਰਤੀਆਂ ਤੇ ਵਿਸ਼ਵ ਵੱਲ ਦੇਖਦੇ ਵਿਦੇਸ਼ ਲਈ ਇਹ ਮੁੱਦੇ ਗੰਭੀਰ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਨੂੰ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਵੱਲੋਂ ਚਲਾਇਆ ਜਾਂਦਾ ਹੈ। ਆਪਣੀ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹੋਏ ਉਹ ਅਜਿਹੇ ਸਰੂਪ ਤੋਂ ਪਿੱਛੇ ਹਟਣ ਵਾਲੇ ਨਹੀਂ। ਜੇ ਅਸੀਂ ਮੋਦੀ ਅਤੇ ਸ਼ਾਹ ਦੇ ਨਾਗਰਿਕਤਾ ਮਾਮਲੇ ਵਿੱਚ ਦਿੱਤੇ ਬਿਆਨ ਨੂੰ ਦੇਖੀਏ ਤਾਂ ਸਭ ਕੁਝ ਸਪੱਸ਼ਟ ਹੋ ਜਾਂਦਾ ਹੈ। ਜਦੋਂ ਇਹ ਸਪੱਸ਼ਟ ਹੋ ਗਿਆ ਕਿ ਪ੍ਰਦਰਸ਼ਨ 'ਤੇ ਰੋਕ ਲੱਗਣ ਵਾਲੀ ਨਹੀਂ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ 'ਤੇ ਰੋਕ ਲਾਉਂਦੇ ਹੋਏ ਇਹ ਕਿਹਾ ਕਿ ਰਾਸ਼ਟਰ ਵਿਆਪੀ ਐੱਨ ਆਰ ਸੀ ਉੱਤੇ ਚਰਚਾ ਹੀ ਨਹੀਂ ਹੋਈ। ਉਨ੍ਹਾਂ ਇਹ ਕਹਿਣ ਲਈ ਨਹੀਂ ਚੁਣਿਆ ਕਿ ਇੰਝ ਹੋਵੇਗਾ ਹੀ ਨਹੀਂ। ਇਹ ਉਨ੍ਹਾਂ ਲੋਕਾਂ ਲਈ ਦਿਲਾਸਾ ਨਹੀਂ, ਜੋ ਆਸਾਮ ਵਾਂਗ ਦੇਸ਼ ਵਿਆਪੀ ਕਾਰਵਾਈ ਤੋਂ ਚਿੰਤਤ ਸਨ। ਪ੍ਰਧਾਨ ਮੰਤਰੀ ਇਸ ਨੂੰ ਹੱਥੋਂ ਨਹੀਂ ਜਾਣ ਦੇਣਗੇ ਕਿਉਂਕਿ ਇਹ ਇੱਕ ਵਿਚਾਰਧਾਰਾ ਦੀ ਧਾਰਨਾ ਹੈ, ਕੋਈ ਰਾਜਨੀਤਕ ਰਣਨੀਤੀ ਜਾਂ ਕੋਈ ਵਿਸ਼ੇਸ਼ ਨੀਤੀ ਨਹੀਂ। ਮੋਦੀ ਭਾਰਤ ਦੀ ਕੌਮਾਂਤਰੀ ਦਿੱਖ ਨੂੰ ਕੁਝ ਨੁਕਸਾਨ ਪਹੁੰਚਾਉਣ ਲਈ ਤਿਆਰ ਹਨ। (ਮੈਨੂੰ ਪੂਰੀ ਉਮੀਦ ਹੈ ਕਿ ਵਿਦੇਸ਼ ਮੰਤਰੀ ਜੈਸ਼ੰਕਰ ਉਸ ਬੈਠਕ ਤੋਂ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਇਜਾਜ਼ਤ ਲਏ ਬਿਨਾਂ ਨਹੀਂ ਗਏ ਹੋਣਗੇ)।

ਅਪ੍ਰੈਲ ਤੋਂ ਮੋਦੀ ਸਰਕਾਰ ਆਪਣੇ ਅਧਿਕਾਰੀਆਂ ਨੂੰ ਸਾਰੇ ਰਾਜਾਂ ਵਿੱਚ ਭੇਜਣਗੇ ਤਾਂ ਕਿ ਉਹ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ ਦੇ ਪਹਿਲੇ ਕਦਮ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐੱਨ ਪੀ ਆਰ) ਦੇ ਤਹਿਤ ਵੇਰਵਾ ਜੁਟਾਉਣ। ਜਦੋਂ ਆਪਣੀ ਨਾਗਰਿਕਤਾ ਅਤੇ ਆਜ਼ਾਦੀ ਦੇ ਖੋਹੇ ਜਾਣ ਦਾ ਡਰ ਲੱਖਾਂ ਲੋਕਾਂ, ਜੋ ਪਹਿਲਾਂ ਤੋਂ ਜਬਰ ਦੇ ਸ਼ਿਕਾਰ ਹਨ, ਦੇ ਦਰਵਾਜ਼ਿਆਂ ਤੱਕ ਪਹੁੰਚ ਜਾਵੇਗਾ ਤਾਂ ਉਨ੍ਹਾਂ ਦੀ ਪ੍ਰਤੀਕਿਰਿਆ ਹੋਰ ਵੱਧ ਮਜ਼ਬੂਤ ਹੋ ਜਾਵੇਗੀ, ਜਿਸ ਨੂੰ ਅਸੀਂ ਮੌਜੂਦਾ ਸਮੇਂ ਵਿੱਚ ਦੇਸ਼ ਦੀਆਂ ਸੜਕਾਂ 'ਤੇ ਦੇਖਦੇ ਹਾਂ। ਜਦੋਂ ਉਨ੍ਹਾਂ ਦਾ ਧੱਕਾ ਸਪੱਸ਼ਟ ਤੇ ਦੇਖਣ ਲਾਇਕ ਹੋ ਜਾਵੇਗਾ ਤਾਂ ਵਿਸ਼ਵ ਇੱਕ ਪਾਸੇ ਹੋ ਕੇ ਨਹੀਂ ਖੜ੍ਹਾ ਹੋਵੇਗਾ। ਇਹ ਨਿਸ਼ਚਿਤ ਅਤੇ ਸੰਭਾਵਿਤ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਫਿਰ ਚੋਣ ਜਿੱਤ ਨਹੀਂ ਸਕਣਗੇ। ਇਹ ਡੈਮੋਕ੍ਰੇਟ ਹੋਣਗੇ, ਜੋ ਅਮਰੀਕਾ ਦੀ ਇਸ ਸਾਲ ਦੇ ਅੰਤ ਵਿੱਚ ਹੋਈ ਰਾਸ਼ਟਰਪਤੀ ਚੋਣ ਜਿੱਤਣਗੇ। ਜੇ ਅਸੀਂ ਉਨ੍ਹਾਂ ਦੇ ਉਮੀਦਵਾਰਾਂ ਦੀ ਸੂਚੀ ਉਤੇ ਨਿਗਾਹ ਦੌੜਾਈਏ ਤਾਂ ਦੇਖਾਂਗੇ ਕਿ ਅਜਿਹਾ ਇੱਕ ਵੀ ਨਹੀਂ, ਜੋ ਮੋਦੀ ਵੱਲ ਦੋਸਤਾਨਾ ਨਜ਼ਰੀਆ ਰੱਖਦਾ ਹੋਵੇ ਕਿਉਂਕਿ ਭਾਰਤ ਘੱਟਗਿਣਤੀਆਂ ਦਾ ਦਮਨ ਕਰ ਰਿਹਾ ਹੈ।

ਮੌਜੂਦਾ ਸਮੇਂ ਸਰਕਾਰ ਅਜਿਹਾ ਸੋਚਦੀ ਹੈ ਕਿ ਜੋ ਦੇਸ਼ ਵਿੱਚ ਵਾਪਰ ਰਿਹਾ ਹੈ, ਉਸ 'ਤੇ ਉਸ ਦੀ ਪਕੜ ਮਜ਼ਬੂਤ ਹੈ। ਯੂ ਪੀ ਵਿੱਚ ਪੁਲਸ ਨੇ ਦਰਜਨਾਂ ਮੁਸਲਿਮ ਪ੍ਰਦਰਸ਼ਨਕਾਰੀਆਂ ਨੂੰ ਮਾਰਿਆ। ਸੁਪਰੀਮ ਕੋਰਟ ਨੇ ਸਰਕਾਰੀ ਜਾਇਦਾਦ ਨੂੰ ਪਹੁੰਚਾਏ ਗਏ ਨੁਕਸਾਨ ਉੱਤੇ ਆਪਣੀ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਜੇ ਐੱਨ ਯੂ ਤੋਂ ਕਸ਼ਮੀਰ ਤੇ ਕਿਸੇ ਹੋਰ ਸਥਾਨ 'ਤੇ ਵੀ ਮੋਦੀ ਭਾਰਤੀ ਨਾਗਰਿਕਾਂ ਦੇ ਅਧਿਕਾਰਾਂ ਉਪਰ ਆਪਣੀ ਸਰਕਾਰ ਦੇ ਅਧਿਕਾਰਾਂ ਨੂੰ ਥੋਪਣਾ ਚਾਹੁੰਦੇ ਹਨ। ਇਹ ਸਭ ਉਹ ਬਦਲੇ ਅਤੇ ਗੁੱਸੇ ਦੀ ਭਾਵਨਾ ਨਾਲ ਕਰ ਰਹੇ ਹਨ।

ਚੰਗੀ ਗੱਲ ਇਹ ਹੈ ਕਿ ਉਨ੍ਹਾਂ ਦੀ ਸਰਕਾਰ ਅੰਦਰ ਕੋਈ ਵਿਰੋਧੀ ਧਿਰ ਨਹੀਂ, ਜੋ ਮੁੱਦਿਆਂ 'ਤੇ ਚਿੰਤਤ ਹੋਵੇ। ਮੋਦੀ ਜੋ ਕਹਿੰਦੇ ਹਨ ਜਾਂ ਕਰਦੇ ਹਨ, ਉਨ੍ਹਾਂ ਦੇ ਸਮਰਥਨ ਵਿੱਚ 300 ਤੋਂ ਵੱਧ ਲੋਕ ਸਭਾ ਮੈਂਬਰ ਖੜ੍ਹੇ ਹੋ ਕੇ ਤਾੜੀਆਂ ਮਾਰਦੇ ਹਨ। ਸੁਪਰੀਮ ਕੋਰਟ, ਜਿਵੇਂ ਅਸੀਂ ਦੇਖਦੇ ਹਾਂ, ਉਹ ਵੀ ਚਿੰਤਤ ਨਹੀਂ। ਭਾਰਤ ਲਈ ਸਾਲ 2020 ਇੱਕ ਖੁਸ਼ਕ ਰੁੱਤ ਵਰਗਾ ਹੈ ਅਤੇ ਘਾਤਕ ਵੀ ਹੈ ਅਤੇ ਭਾਰਤੀ ਨਾਗਰਿਕ ਆਪਣੇ ਆਪ ਨੂੰ ਬਚਾਉਣ ਲਈ ਜੋ ਚਾਹੁਣ ਕਰ ਸਕਦੇ ਹਨ।

## ਗੁਰਦੁਆਰਾ ਟਿੱਬਾ ਨਾਨਕਸਰ, ਪਾਕਪਤਨ



ਨਾਨਕਸਰ ਨਾਮੀ ਇਹ ਪਾਵਨ ਅਸਥਾਨ ਪਾਕਪਤਨ ਸ਼ਹਿਰ ਤੋਂ ਕੋਈ ਛੇ ਕਿਲੋਮੀਟਰ ਦੂਰ ਰੇਲਵੇ ਲਾਈਨ ਦੇ ਨੇੜੇ ਹੀ ਹੈ। ਇਸ ਨੂੰ ਰੇਲਵੇ ਸਟੇਸ਼ਨ, ਥਾਣਾ ਤਹਿਸੀਲ ਅਤੇ ਜ਼ਿਲਾ ਪਾਕਪਤਨ ਹੀ ਲਗਦਾ ਹੈ। ਇਥੇ ਜਾਣ ਵਾਸਤੇ ਪਾਕਪਤਨ ਸ਼ਹਿਰ ਤੋਂ ਮੋਟਰ ਰਿਕਸ਼ਾ, ਟਾਗਾ ਜਾ ਬੱਸ ਮਿਲ ਜਾਂਦੀ ਹੈ। ਇਹ ਉਹ ਅਸਥਾਨ ਹੈ ਜਿੱਥੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਇਬਰਾਹਿਮ ਫਰੀਦ ਸਾਨੀ ਤੋਂ ਬਾਬਾ ਫਰੀਦ ਜੀ ਦੇ ਸਲੋਕ ਇਕੱਤਰ ਕੀਤੇ ਜਿਹਨਾ ਨੂੰ ਬਾਅਦ ਵਿੱਚ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਵਿੱਚ ਦਰਜ ਕੀਤਾ। ਇਹ ਅਸਥਾਨ ਇੱਕ ਟਿੱਬੀ ਉੱਤੇ ਹੈ। ਦੋ ਮੰਜ਼ਲਾ ਗੁੰਬਦਦਾਰ ਸੁੰਦਰ ਇਮਾਰਤ ਬਣੀ ਹੋਈ ਹੈ। ਇਸ ਦੇ ਅਹਾਤੇ ਵਿੱਚ ਹੀ ਬਾਬਾ ਫਰੀਦ ਜੀ ਦੀ ਵੰਸ਼ ਵਿੱਚੋਂ ਇੱਕ ਦਰਵੇਸ਼ ਬਾਬਾ ਫਤਿਹਉੱਲਾ ਸ਼ਾਹ ਨੂਰੀ ਚਿਸ਼ਤੀ ਦਾ ਮਜ਼ਾਰ ਅਤੇ ਉਹਨਾ ਦੀ ਮਸੀਤ ਹੈ। ਸੇਵਾਦਾਰ ਮੁਸਲਮਾਨ ਹਨ . ਹਰ ਵਰੇ ਮੇਲਾ ਹੁੰਦਾ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਹਾਲਤ ਕਾਫੀ ਮੰਦੀ ਹੈ । ਮੁਰੰਮਤ ਦੀ ਸਖਤ ਲੋੜ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਅੰਦਰ ਇਸ ਥਾਂ ਦੀ ਬਹੁਤ ਮਹੱਤਤਾ ਹੈ, ਇਸ ਵਾਸਤੇ ਇਸ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। ਇਸ ਗੁਰਦੁਆਰੇ ਦੇ ਨਾਲ ਵਸੀ ਕੱਚੀ ਬਸਤੀ ਦਾ ਨਾ ਟਿੱਬਾ ਨਾਨਕਸਰ, ਚੱਕ ਨੂੰ 38 SP ਪ੍ਰਸਿੱਧ ਹੈ। ਇਸ ਦੀ ਆਬਾਦੀ ਕੋਈ 200 ਘਰਾਂ ਦੀ ਹੈ।

# ਰੁਲ਼ਦੀ ਮਿੱਟੀ ਦੀ ਚੀਸ

-ਸੁਖਦੇਵ ਸਿੰਘ ਮਾਨ

ਬਹੁਤ ਛੋਟਾ ਹੁੰਦਾ ਸੀ ਜਦੋਂ ਭੂਆ ਦਾ ਪੁੱਤ ਸੁਰਮੁਖ ਸਾਡੇ ਪਿੰਡ ਮੌੜ ਕਲਾਂ ਆਉਂਦਾ। ਬੜੀ ਟੌਹਰ ਸੀ ਸੁਰਮੁਖ ਦੀ ਉਸ ਦਿਨ ਜਦੋਂ ਉਹ ਬਾਪੂ ਹੋਰਾਂ ਯਾਨੀ ਆਪਣੇ ਮਾਮਿਆਂ ਨੂੰ ਆ ਕੇ ਮਿਲਦਾ। ਅਸੀਂ ਬੱਚੇ ਸੁਰਮੁਖ ਦੀ ਘੋੜੀ ਦੀ ਲਗਾਮ ਫੜ ਕੇ ਦੇਖਦੇ। ਘੋੜੀ ਦੀ ਕੰਡ ਸਨੀਲ ਦੇ ਗਦੈਲੇ ਨਾਲ ਸ਼ਿੰਗਾਰੀ ਹੁੰਦੀ ਜੀਹਦੇ ਉਤੇ ਹੱਥ ਫਿਰਦਾ ਤਾਂ ਉਂਗਲਾਂ ਨੂੰ ਅਜੀਬ ਗੁਦਗੁਦੀ ਹੁੰਦੀ। ਸੁਰਮੁਖ ਦਾ ਸੁਭਾਅ ਇੰਨਾ ਗੜ੍ਹਕਵਾਂ ਅਤੇ ਹੱਸਮੁੱਖ ਸੀ ਕਿ ਉਸ ਦੀ ਆਮਦ ਦਾ ਬੀਹੀ ਮੁੜਦਿਆਂ ਹੀ ਪਤਾ ਲੱਗ ਜਾਂਦਾ। ਬਾਪੂ ਹੋਰਾਂ ਨੂੰ ਸੁਰਮੁਖ ਦੂਰੋਂ ਹੀ ਹੱਥ ਚੁੱਕ 'ਸਤਿ ਸ੍ਰੀ ਅਕਾਲ' ਆਖਦਾ। ਫਿਰ ਤਸੱਲੀ ਨਾਲ ਘਰਦੇ ਸਾਰੇ ਜੀਆਂ ਦੀ ਖੈਰ ਸੁੱਖ ਪੁੱਛਦਾ। ਸੁਰਮੁਖ ਦੇ ਸੁਭਾਅ ਵਿੱਚ ਕਾਹਲ ਨਾਂ ਦੀ ਕੋਈ ਚੀਜ਼ ਨਹੀਂ ਸੀ।

ਘੋੜੀ ਵੀ ਰੇਵੀਏ ਲੈ ਕੇ ਆਉਂਦਾ। ਉਂਜ ਜੇ ਪਿੰਡ ਦੇ ਕਈ ਬੰਦੇ ਆਖਦੇ-ਭਾਣਜੇ, ਦੌੜ ਤਾਂ ਦਿਖਾ ਬੱਕੀ ਦੀ ਤਾਂ ਸੁਰਮੁਖ ਘੋੜੀ ਕੱਲਰਾਂ ਵਿੱਚ ਲੈ ਜਾਂਦਾ। ਬੱਸ ਇੱਕ ਵਾਰੀ ਅੱਡੀ ਲੱਗਦੀ। ਘੋੜੀ ਹਵਾ ਨਾਲ ਗੱਲਾਂ ਕਰਨ ਲੱਗ ਪੈਂਦੀ। ਘੋੜੀ ਦੇ ਸੁੰਮਾਂ ਦੀ ਸਿਰਫ਼ ਟਾਪ ਸੁਣਦੀ। ਉਸ ਪਲ ਇਸ ਤਰ੍ਹਾਂ ਲੱਗਦਾ ਜਿਵੇਂ ਸੁਰਮੁਖ ਜਿਉਣਾ ਮੌੜ ਬਣ ਗਿਆ ਹੋਵੇ। ਉਹ ਸਾਨੂੰ ਵੀ ਘੋੜੀ ਉਤੇ ਬਹਾ ਝੂਟੇ ਦਿੰਦੇ। ਸੁਰਮੁਖ ਖੇਤੀ ਪੱਤੀ ਸਾਂਭ ਕੇ ਗੇੜਾ ਮਾਰਦਾ। ਫਿਰ ਉਹ ਪਿੰਡ ਵਾਪਸ ਪਰਤਣ ਬਾਰੇ ਭੁੱਲ ਹੀ ਜਾਂਦਾ। ਕਈ ਵਾਰੀ ਉਸ ਦਾ ਪੜਾਅ ਮਹੀਨਾ ਭਰ ਲੰਮਾ ਹੋ ਜਾਂਦਾ। ਦਿਨੇ ਉਹ ਬਾਪੂ ਹੋਰਾਂ ਨਾਲ ਖੇਤਾਂ ਵਿੱਚ ਕੰਮ ਕਰਾਉਦਾ ਅਤੇ ਗੱਲਾਂ ਵੀ ਕਰਦਾ, ਰਾਤ ਉਹਦੀ ਸਾਡੇ ਬੱਚਿਆਂ ਲਈ ਹੁੰਦੀ। ਸੁਰਮੁਖ ਕੋਲ ਗੱਲਾਂ ਦਾ ਅਮੁੱਕ ਖ਼ਜ਼ਾਨਾ ਸੀ। ਮੈਨੂੰ ਯਾਦ ਹੈ, ਇੱਕ ਵਾਰੀ ਉਸ ਲਾਲ ਕਿਲੇ ਦਾ ਇਤਿਹਾਸ ਮਹੀਨੇ ਵਿੱਚ ਸੁਣਾਇਆ ਸੀ। ਕਈ ਵਾਰੀ ਬਾਪੂ ਆਖਦਾ ਇਹਦੀ ਜੀਭ ਉਤੇ ਸਰਸਵਤੀ ਦਾ ਵਾਸ ਹੈ।

ਸੁਰਮੁਖ ਦਾ ਖੇਤੀ ਅਤੇ ਰਿਸ਼ਤਿਆਂ ਨਾਲ ਮੋਹ ਵਕਤ ਦੀਆਂ ਲੰਮੀਆਂ ਪੈੜਾਂ ਵੀ ਮਾਰ ਨਾ ਸਕੀਆਂ। ਚੋਖੀ ਪੜ੍ਹਾਈ ਵੀ ਉਸ ਨੂੰ ਮਿੱਟੀ ਤੋਂ ਤੋੜ ਨਾ ਸਕੀ। ਦੋਵੇਂ ਮੁੰਡੇ ਤੇ ਧੀ ਕੈਨੇਡਾ ਤੁਰ ਗਏ ਸਨ। ਪੋਤਰੇ ਵੀ ਉਡਾਰ ਹੋ ਕੇ ਕੈਨੇਡਾ ਦੀਆਂ ਰਹਿਮਤਾਂ ਮਾਣ ਰਹੇ ਸੀ। ਸੁਰਮੁਖ ਦੀ ਆਮਦ ਘਟੀ ਤਾਂ ਮੈਂ ਸੋਚਿਆ, ਸਾਰੇ ਝੰਜਟਾਂ ਤੋਂ ਮੁਕਤ ਸੁਰਮੁਖ ਦਾ ਕਿਹੜਾ ਪੇਚ ਫਸ ਗਿਆ। ਤੀਹ ਕਿੱਲੇ ਜ਼ਮੀਨ ਦੇ ਇੱਕੋ ਟੱਕ ਵਿੱਚ ਕੰਮ ਕਰਦੇ ਸੁਰਮੁਖ ਨੂੰ ਮੈਂ ਜ਼ਿੰਦਗੀ ਦੇ ਬੇ-ਰਸੀ ਹੋਣ ਦਾ ਗਿਲਾ ਕਰਦੇ ਨਹੀਂ ਦੇਖਿਆ ਸੀ। ਉਸ ਦੀ ਗੜ੍ਹਕ ਅਤੇ ਮੜ੍ਹਕ ਤੇ ਰਸ਼ਕ ਹੁੰਦਾ। ਉਸ ਫ਼ਲਾਂ ਦੇ ਬਾਗ ਲਾਏ ਤਾਂ ਵੀ ਬੜੀ ਸੋਘਵੀਂ ਨਾਲ। 'ਫੁੱਲਾਂ ਦੀ ਖੇਤੀ ਕੀਤੀ ਤਾਂ ਦੇਖਣ ਵਾਲੇ ਦੀ ਰੂਹ ਖਿੜ ਜਾਂਦੀ। ਇਹ ਸਭ ਚੀਜ਼ਾਂ ਸੁਰਮੁਖ ਦੇ ਕਿਰਤ ਅਤੇ ਜ਼ਮੀਨ ਨਾਲ ਜੁੜੇ ਹੋਣ ਦੀ ਗਵਾਹੀ ਭਰਦੀਆਂ। ਕਈ ਵਾਰੀ ਮਨ ਵਿੱਚ ਖ਼ਿਆਲ ਆਉਂਦਾ, ਸੁਰਮੁਖ ਨੂੰ ਪੁੱਛਾਂ, ਇੰਨੀ ਵਧੀਆਂ ਜ਼ਮੀਨ ਅਤੇ ਚਾਰ ਬੰਦਿਆਂ ਵਿੱਚ ਖੜ੍ਹ ਕੇ ਦੁਖ ਸੁਖ ਦਾ ਰੁਤਬਾ ਰੱਖਣ ਵਾਲਾ ਪਰਵਾਰ ਕਾਸਤੋਂ ਪਰਦੇਸੀ ਹੋ ਗਿਆ ਪਰ ਗੱਲ ਅਟਕ ਜਾਂਦੀ, ਸੋਚਦਾ, ਕਿਤੇ ਸੁਰਮੁਖ ਆਪ ਹੀ ਇਸ ਗੱਲ ਦਾ ਖ਼ੁਲਾਸਾ ਕਰੇਗਾ।

ਇੱਕ ਦਿਨ ਮੈਂ ਮਨ ਕਾਹਲਾ ਪਏ ਤੋਂ ਸੁਰਮੁਖ ਕੋਲ ਗਿਆ। ਉਹ ਖੇਤੀ ਮਿਲਿਆ। ਇੱਕ ਟਕ ਜ਼ਮੀਨ ਵਿੱਚ ਲੱਗੇ ਬੋਰਡ ਵੱਲ ਤੱਕੀ ਜਾਂਦਾ ਸੀ। ਬੋਰਡ ਲੱਗੇ ਦਾ ਅਰਥ ਸਮਝ ਮੇਰੇ ਵੀ ਪੈਰਾਂ ਥੱਲਿਓਂ ਜ਼ਮੀਨ ਨਿੱਕਲ ਗਈ। 'ਇਹ ਜ਼ਮੀਨ ਵਿਕਾਊ ਹੈ' ਵਾਲੀ ਸਤਰ ਦੇ ਥੱਲੇ ਮੁਰੱਬਾ, ਖਤੌਨੀ ਨੰਬਰ ਅਤੇ ਜ਼ਮੀਨ ਦਾ ਨਕਸ਼ਾ ਦਿੱਤਾ ਸੀ। ਸੁਰਮੁਖ ਦੇ ਚਿਹਰੇ ਉਤੇ ਹਤਾਸ਼ਾ ਅਤੇ ਨਿਰਾਸ਼ਾ ਸੀ। ਬੋਰਡ ਲੱਗੇ ਦਾ ਕਾਰਨ ਪੁੱਛਿਆ ਤਾਂ ਸੁਰਮੁਖ ਦੇ ਦਿਲ ਦਾ ਦਰਦ ਆਪ ਮੁਹਾਰੇ ਵਹਿ ਤੁਰਿਆ, ''ਸਿਆਣੇ ਆਖਦੇ ਆ, ਬੰਦਾ ਆਪਣੀ ਔਲਾਦ ਹੱਥੋਂ ਹਾਰ ਕੇ ਵੀ ਜਿੱਤਦਾ, ਪਰ ਮੈਨੂੰ ਇਉਂ ਲੱਗਦਾ, ਮੈਂ ਆਵਦਿਆਂ ਹੱਥੋਂ ਹਾਰ ਗਿਆ। ਪੂਰਾ ਕੁਨਬਾ ਕੈਨੇਡਾ ਤੋਂ ਆਇਆ, ਕਹਿੰਦੇ, ਬਾਪੂ ਅਸੀਂ ਫ਼ੈਸਲਾ ਕਰਕੇ ਆਏ ਹਾਂ, ਇਥੋਂ ਵਾਲੀ ਪਰੋਂਪਰਟੀ ਵੇਚਣੀ ਆ। ਇਥੇ ਭੂ ਮਾਫ਼ੀਆ ਬਹੁਤ ਸਾਰੇ ਐਨ ਆਰ ਆਈ ਦੀਆਂ ਜ਼ਮੀਨਾਂ ਦੱਬੀ ਜਾਂਦਾ। ਇਹ ਦੇਸ਼ ਰਹਿਣ ਯੋਗ ਨਹੀਂ ਰਿਹਾ। ਇੱਕ ਪੋਤਰਾ ਬੋਲਿਆ-ਇਹ ਬੈਨਾਨਾ ਕੰਟਰੀ ਆ.. ਜਿਸ ਧਰਤੀ ਦਾ ਅੰਨ ਖਾ ਕੇ ਅਸੀਂ ਵਿਗਸੇ ਹਾਂ, ਮੇਰੀ ਉਲਾਦ ਉਸਨੂੰ ਬੈਨਾਨਾ ਕੰਟਰੀ ਆਖਦੀ ਆ। ਇਹ ਭਾਈ ਮਾਂ ਨੂੰ ਗਾਲ਼ ਦੇਣ ਦੇ ਤੁੱਲ ਹੈ। ਪਛਤਾਵਾ ਕੁਨਬੇ ਨੂੰ ਇੰਨਾ ਸੀ, ਕਹਿੰਦੇ 2012 ਵਿੱਚ ਜ਼ਮੀਨ ਕਿਉਂ ਨਾ ਵੇਚੀ, ਨੋਟ ਬੰਦੀ ਕਾਰਨ ਭਾਅ ਡਿੱਗ ਪਏ। ਇਹ ਗੱਲ ਸੁਣ ਕੇ ਮੈਥੋਂ ਵੀ ਰਿਹਾ ਨਾ ਗਿਆ, ਆਖਿਆ-ਪੁੱਤਰੋ, ਜੇ ਉਥੋਂ ਦੀਆਂ ਕਮਾਈਆਂ ਨਾਲ ਰੂਹ ਨਹੀਂ ਰੱਜੀ ਤਾਂ ਰੱਜਣੀ ਇਹ ਜ਼ਮੀਨ ਵੇਚਣ ਨਾਲ ਵੀ ਨਹੀਂ..।''

ਸੁਰਮੁਖ ਦੀਆਂ ਆਖੀਆਂ ਗੱਲਾਂ ਮਨ ਨੂੰ ਕੁਰੇਦਦੀਆ ਰਹੀਆਂ। ਜਿਸ ਧਰਤੀ ਦੀ ਸਲਾਮਤੀ ਲਈ ਗਦਰੀਆਂ, ਬਾਬਾ ਸੋਹਣ ਸਿੰਘ ਭਕਨਾ ਵਰਗਿਆਂ ਨੇ ਦਸੌਂਟੇ ਕੱਟੇ, ਉਹ ਧਰਤੀ ਇੰਨੀ ਸਰਾਪੀ ਗਈ ਕਿ ਚੰਗੇ ਭਲੇ ਖਾਂਦੇ ਪੀਂਦੇ ਘਰ ਵੀ ਸਭ ਕੁਝ ਵੇਚ ਵੱਟ ਕੇ ਵਿਦੇਸ਼ਾਂ ਵਲ ਦੌੜੇ ਜਾ ਰਹੇ ਹਨ?

# ਆਲੇ-ਦੁਆਲੇ ਘੁੰਮਦੇ ਫ਼ਰਿਸ਼ਤੇ

-ਡਾ. ਗੁਰਤੇਜ ਸਿੰਘ-

ਫ਼ਰਿਸ਼ਤਿਆਂ ਤੋਂ ਕੋਈ ਅਨਜਾਣ ਨਹੀਂ ਹੈ। ਬਚਪਨ ਵਿੱਚ ਇਨ੍ਹਾਂ ਬਾਰੇ ਬਜ਼ੁਰਗ ਅਕਸਰ ਕਹਾਣੀਆਂ ਸੁਣਾਉਂਦੇ ਹੁੰਦੇ ਸਨ। ਹਕੀਕੀ ਜੀਵਨ ਵਿੱਚ ਜਦ ਕੋਈ ਤੁਹਾਡੀ ਮਦਦ ਲਈ ਨਿਰਸਵਾਰਥ ਭਾਵ ਨਾਲ ਬਹੁੜੇ ਤਾਂ ਆਮ ਕਹਿ ਦਿੱਤਾ ਜਾਂਦਾ ਹੈ ਕਿ ਇਹ ਤਾਂ ਮੇਰੇ ਲਈ ਫ਼ਰਿਸ਼ਤਾ ਬਣ ਕੇ ਆਇਆ ਹੈ। ਮੈਨੂੰ ਯਾਦ ਹੈ ਕਿ ਜਦੋਂ ਮੈਂ ਅੱਠਵੀਂ ਜਮਾਤ 'ਚ ਪੜ੍ਹਦਾ ਸਾਂ, ਉਦੋਂ ਮੇਰੇ ਪਿੰਡ ਦੇ ਇੱਕ ਝੋਲਾ ਛਾਪ ਡਾਕਟਰ ਨੇ ਮੇਰੀ ਦਾਦੀ ਨਾਲ ਦੁਰਵਿਹਾਰ ਕੀਤਾ ਸੀ। ਉਸ ਘਟਨਾ ਕਾਰਨ ਮੈਂ ਪੱਕਾ ਧਾਰ ਲਿਆ ਸੀ ਕਿ ਮੈਂ ਡਾਕਟਰ ਬਣਨਾ ਹੈ। ਕਿਵੇਂ ਬਣਨਾ ਹੈ, ਕਿਹੜੀ ਪੜ੍ਹਾਈ ਕਰਨੀ ਹੈ, ਆਦਿ ਤੋਂ ਮੈਂ ਦਸਵੀਂ ਜਮਾਤ ਪਾਸ ਕਰਨ ਤੱਕ ਅਨਜਾਣ ਸੀ। ਮੇਰੇ ਸਹਿਪਾਠੀ ਜੇ ਈ ਟੀ ਦੀ ਤਿਆਰੀ ਵਿੱਚ ਲੱਗੇ ਹੋਏ ਸਨ। ਮੇਰੇ ਸਾਇੰਸ ਅਧਿਆਪਕ ਨੇ ਮੈਨੂੰ ਵੀ ਫ਼ਾਰਮ ਭਰਨ ਲਈ ਕਿਹਾ ਪਰ ਮੈਂ ਡਾਕਟਰ ਬਣਨ ਦੀ ਗੱਲ ਦੱਸਦਿਆਂ ਨਾਂਹ ਕਰ ਦਿੱਤੀ। ਉਨ੍ਹਾਂ ਦਾ ਜਵਾਬ ਬਾਕਮਾਲ ਸੀ। ਉਨ੍ਹਾਂ ਕਿਹਾ ਕਿ ਜੇ ਤੇਰੇ ਕੋਲ ਆਹ ਛੋਟਾ ਜਿਹਾ ਕੋਰਸ ਕਰਨ ਦੀ ਸਮਰੱਥਾ ਨਹੀਂ ਤਾਂ ਫਿਰ ਉਸ ਪਹਾੜ ਨਾਲ ਮੱਥਾ ਕਿਵੇਂ ਲਗਾਵੇਂਗਾ? ਉਨ੍ਹਾਂ ਦੀ ਗੱਲ ਠੀਕ ਸੀ।

ਫਿਰ ਪੜ੍ਹਾਈ ਛੱਡ ਕੇ ਰੋਜ਼ੀ-ਰੋਟੀ ਦੇ ਜੁਗਾੜ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਪਰ ਡਾਕਟਰ ਬਣਨ ਦੇ ਜਨੂੰਨ ਨੇ ਚੈਨ ਨਾਲ ਬੈਠਣ ਨਾ ਦਿੱਤਾ। ਆਰਟਸ ਗਰੁੱਪ ਨਾਲ ਬਾਰ੍ਹਵੀਂ ਕੀਤੀ ਅਤੇ ਨਾਲੋ-ਨਾਲ ਕਿਸੇ ਡਾਕਟਰ ਕੋਲ ਕੰਮ ਸਿੱਖਣ ਜਾਂਦਾ ਸਾਂ ਕਿ ਅਧਿਕਾਰਤ ਨਾ ਸਹੀ, ਅਣ-ਅਧਿਕਾਰਤ ਡਾਕਟਰ ਤਾਂ ਬਣ ਜਾਵਾਂਗਾ। ਉਸ ਤੋਂ ਬਾਅਦ ਮੈਂ ਸਾਡੇ ਨੇੜੇ ਦੇ ਆਦੇਸ਼ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਗੈਸਟਰੋਐਂਟਰਾਲੋਜੀ ਵਿਭਾਗ 'ਚ ਵਾਰਡ ਬੁਆਏ ਦੀ ਨੌਕਰੀ ਸ਼ੁਰੂ ਕੀਤੀ। ਇਸ ਦੌਰਾਨ ਜਦ ਮੈਡੀਕਲ ਕਾਲਜ 'ਚ ਡਾਕਟਰੀ ਪੜ੍ਹਦੇ ਵਿਦਿਆਰਥੀਆਂ ਨੂੰ ਦੇਖਦਾ ਤਾਂ ਸੋਚਦਾ, ''ਕਾਸ਼! ਮੈਂ ਵੀ ਕਿਸੇ ਮੈਡੀਕਲ ਕਾਲਜ 'ਚ ਡਾਕਟਰੀ ਪੜ੍ਹ ਪਾਉਂਦਾ। ਆਰਥਿਕ ਮੰਦਹਾਲੀ ਕਾਰਨ ਘਰ ਦੀ ਸਥਿਤੀ ਡਾਵਾਂਡੋਲ ਹੋ ਗਈ ਸੀ। ਉਤੋਂ ਦਾਦੀ ਬਿਮਾਰ ਰਹਿਣ ਲੱਗ ਪਏ ਸਨ। ਆਖ਼ਰ ਉਹ ਬਿਮਾਰੀ ਕਾਰਨ ਦਮ ਤੋੜ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਮੈਂ ਬਿਲਕੁਲ ਟੁੱਟ ਗਿਆ ਸਾਂ। ਮਨ ਨੂੰ ਝੋਰਾ ਸੀ ਕਿ ਉਨ੍ਹਾਂ ਦੇ ਜਿਉਂਦੇ ਜੀਅ ਮੈਂ ਡਾਕਟਰ ਨਹੀਂ ਬਣ ਸਕਿਆ, ਪਰ ਡਾਕਟਰ ਬਣਨ ਦਾ ਜਨੂੰਨ ਅਜੇ ਵੀ ਠਾਠਾਂ ਮਾਰ ਰਿਹਾ ਸੀ ਜਿਸ ਨੇ ਮੈਨੂੰ ਨੌਕਰੀ ਦੇ ਨਾਲ-ਨਾਲ ਦੁਬਾਰਾ ਪੜ੍ਹਾਈ ਸ਼ੁਰੂ ਕਰਨ ਲਈ ਮਜਬੂਰ ਕੀਤਾ। ਡਾਕਟਰ ਕੁਲਦੀਪ ਸਿੰਘ ਉਸ ਸਮੇਂ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ, ਬਠਿੰਡਾ 'ਚ ਐਮਰਜੈਂਸੀ ਮੈਡੀਕਲ ਅਫ਼ਸਰ ਵਜੋਂ ਤਾਇਨਾਤ ਸਨ, ਉਹ ਮੇਰੇ ਲਈ ਸਭ ਤੋਂ ਪਹਿਲਾਂ ਫ਼ਰਿਸ਼ਤੇ ਬਣ ਬਹੁੜੇ ਜਿਨ੍ਹਾਂ ਦਾ ਸਾਥ ਅਜੇ ਵੀ ਜਾਰੀ ਹੈ। ਆਰਥਿਕ ਮਦਦ ਦੇ ਨਾਲ ਉਹ ਮੇਰੇ ਨਾਲ ਕੋਚਿੰਗ ਕਲਾਸ ਦਾ ਇੰਤਜ਼ਾਮ ਤੱਕ ਕਰਨ ਗਏ।

ਮੁਸ਼ਕਲਾਂ ਦਾ ਦੌਰ ਅਜੇ ਖ਼ਤਮ ਨਹੀਂ ਹੋਇਆ ਸੀ। ਘਰ ਦੀ ਪਤਲੀ ਹਾਲਤ ਤੇ ਨੌਕਰੀ ਦੇ ਨਾਲ ਦੁਬਾਰਾ ਬਾਰ੍ਹਵੀਂ ਜਮਾਤ (ਮੈਡੀਕਲ) ਦੀ ਪੜ੍ਹਾਈ ਮੇਰੀ ਲਈ ਬਹੁਤ ਵੱਡੀ ਚੁਣੌਤੀ ਸੀ। ਲੋਕਾਂ ਦਾ ਮਜ਼ਾਕ ਵੀ ਸਹਿਣਾ ਪਿਆ। ਡਾਕਟਰ ਕੁਲਦੀਪ ਸਿੰਘ ਨਾਲ ਮੇਰੀ ਨੇੜਤਾ ਤੋਂ ਚਿੜ ਕੇ ਉਥੇ ਮੌਜੂਦ ਸਟਾਫ਼ ਨਰਸਾਂ ਮੈਨੂੰ ਸੀਨੀਅਰ ਰੈਜ਼ੀਡੈਂਟ ਆਖ ਕੇ ਮੇਰਾ ਸ਼ਰੇਆਮ ਮਜ਼ਾਕ ਉਡਾਉਂਦੀਆਂ ਸਨ। ਜਦ ਇਹ ਵਰਤਾਰਾ ਮੈਂ ਡਾਕਟਰ ਸਾਹਿਬ ਨੂੰ ਦੱਸਦਾ ਤਾਂ ਉਹ ਦੁਖੀ ਤਾਂ ਜ਼ਰੂਰ ਹੁੰਦੇ ਪਰ ਨਾਲ ਸਮਝਾਉਂਦੇ ਕਿ ਤੂੰ ਜਿਸ ਰਾਹ 'ਤੇ ਤੁਰਿਆ ਏਂ, ਬਸ ਉਸ 'ਤੇ ਹੀ ਦ੍ਰਿੜ੍ਹਤਾ ਨਾਲ ਚੱਲਦਾ ਰਹਿ, ਇਨ੍ਹਾਂ ਦੇ ਮੂੰਹ ਆਪੇ ਬੰਦ ਹੋ ਜਾਣਗੇ। ਕੋਚਿੰਗ ਦੌਰਾਨ ਦੋ ਅਧਿਆਪਕ ਫਿਰ ਫ਼ਰਿਸ਼ਤੇ ਬਣ ਆਏ। ਉਨ੍ਹਾਂ ਨੇ ਮੇਰੀ ਬੜੀ ਮਦਦ ਕੀਤੀ ਅਤੇ ਮੈਨੂੰ ਮੁਫ਼ਤ ਪੜ੍ਹਾਇਆ। ਨਰਪਾਲ ਸਿੰਘ ਬਰਾੜ ਤੋਂ ਫਿਜ਼ਿਕਸ ਅਤੇ ਸਰਵਿੰਦਰ ਕੌਰ ਤੋਂ ਕੈਮਿਸਟਰੀ ਪੜ੍ਹੀ। ਬਾਇਓਲਾਜੀ 'ਚ ਮੈਨੂੰ ਬਹੁਤੀ ਦਿੱਕਤ ਨਹੀਂ ਸੀ। ਬੜੀ ਮੁਸ਼ਕਲ ਨਾਲ ਉਸ ਸਮੇਂ ਪੜ੍ਹਾਈ ਅਤੇ ਫਿਰ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕੀਤੀ। ਗ਼ਰੀਬੀ, ਮਜਬੂਰੀਆਂ ਆਪਣਾ ਰੰਗ ਦਿਖਾ ਰਹੀਆਂ ਸਨ ਅਤੇ ਲੋਕਾਂ ਦੇ ਤਾਅਨੇ ਆਪਣੇ ਕੰਮ ਰਹੇ ਸਨ ਪਰ ਮੈਂ ਉਸ ਦੌਰ 'ਚ ਨਹੀਂ ਟੁੱਟਿਆ। ਪੜ੍ਹਾਈ ਦੇ ਨਾਲ-ਨਾਲ ਹਾਂ-ਪੱਖੀ ਸਾਹਿਤ ਪੜ੍ਹਨ ਅਤੇ ਅਖ਼ਬਾਰਾਂ ਲਈ ਲਿਖਣ ਕਾਰਨ ਨਿਰਾਸ਼ਾ ਨੂੰ ਨੇੜੇ ਨਹੀਂ ਢੁੱਕਣ ਦਿੱਤਾ।

ਸੰਨ 2012 ਵਿੱਚ ਪੰਜਾਬ ਮੈਡੀਕਲ ਪ੍ਰਵੇਸ਼ ਪ੍ਰੀਖਿਆ ਜੋ ਫ਼ਰੀਦਕੋਟ ਵਿਖੇ ਹੋਈ ਸੀ, ਮੈਂ ਦੁਬਾਰਾ ਬਾਰ੍ਹਵੀਂ ਜਮਾਤ ਮੈਡੀਕਲ 'ਚ ਪਾਸ ਕਰਕੇ ਦੂਜੀ ਵਾਰ ਪ੍ਰੀਖਿਆ ਦਿੱਤੀ ਸੀ। ਉਸ ਦਿਨ ਵੀ ਇੱਕ ਫ਼ਰਿਸ਼ਤਾ ਮੇਰੀ ਮਦਦ ਲਈ ਅਚਨਚੇਤ ਬਹੁੜਿਆ ਸੀ। ਹੋਇਆ ਇੰਜ ਕਿ ਕਿਸੇ ਕਾਰਨ ਸੜਕ ਜਾਮ ਸੀ। ਮੇਰਾ ਪ੍ਰੀਖਿਆ ਕੇਂਦਰ 'ਤੇ ਪੁੱਜਣਾ ਮੁਸ਼ਕਲ ਜਾਪਦਾ ਸੀ। ਬੱਸ 'ਚੋਂ ਉਤਰ ਕੇ ਇੱਕ ਸਕੂਟਰ ਸਵਾਰ ਦੀ ਮਿੰਨਤਾ ਕੀਤੀ ਅਤੇ ਉਹ ਝੱਟ ਹੀ ਮੈਨੂੰ ਉਥੇ ਛੱਡਣ ਲਈ ਤਿਆਰ ਹੋ ਗਿਆ। ਰਸਤੇ 'ਚ ਉਹ ਆਖ ਰਿਹਾ ਸੀ ਕਿ ਭਲਾਈ ਦਾ ਜ਼ਮਾਨਾ ਨਹੀਂ ਰਿਹਾ। ਲੋਕ ਗ਼ਲਤ ਫ਼ਾਇਦਾ ਚੁੱਕ ਲੈਂਦੇ ਹਨ ਪਰ ਫਿਰ ਵੀ ਉਹ ਮੈਨੂੰ ਮੇਰੀ ਮੰਜ਼ਿਲ 'ਤੇ ਪਹੁੰਚਾਉਣ ਲਈ ਬਜ਼ਿੱਦ ਸੀ। ਵੇਲੇ ਸਿਰ ਮੈਂ ਪ੍ਰੀਖਿਆ ਕੇਂਦਰ 'ਚ ਦਾਖਲ ਹੋਇਆ ਤੇ ਇਮਤਿਹਾਨ ਦਿੱਤਾ। ਸ਼ਾਮ ਤੱਕ ਨਤੀਜਾ ਆ ਗਿਆ। ਮੈਂ ਅਗਲੇ ਦਿਨ ਡਿਊਟੀ 'ਤੇ ਸੀ ਅਤੇ ਕਿਸੇ ਡਾਕਟਰ ਦੀ ਮਿੰਨਤ ਕਰਕੇ ਨਤੀਜਾ ਦੇਖਿਆ ਤਾਂ ਮੈਨੂੰ ਖ਼ੁਦ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਮੈਂ ਪ੍ਰੀਖਿਆ ਪਾਸ ਕਰ ਲਈ ਹੈ ਅਤੇ ਆਰਾਮ ਨਾਲ ਕਿਸੇ ਮੈਡੀਕਲ ਕਾਲਜ 'ਚ ਐਮ ਬੀ ਬੀ ਐਸ ਕੋਰਸ 'ਚ ਦਾਖਲਾ ਮਿਲ ਜਾਵੇਗਾ।

ਇਹ ਖ਼ਬਰ ਸਾਰੇ ਹਸਪਤਾਲ 'ਚ ਫੈਲ ਗਈ ਸੀ ਕਿ ਉਸ ਵਾਰਡ ਬੁਆਏ ਨੇ ਮੈਡੀਕਲ ਪ੍ਰਵੇਸ਼ ਪ੍ਰੀਖਿਆ ਪਾਸ ਕਰ ਲਈ ਹੈ। ਸਾਰੇ ਡਾਕਟਰਾਂ ਨੇ ਮੈਨੂੰ ਵਧਾਈਆਂ ਦਿੱਤੀਆਂ ਅਤੇ ਉਥੇ ਮੈਡੀਸਨ ਵਿਭਾਗ ਦੇ ਮੁਖੀ ਨੇ ਮੈਨੂੰ ਬੁਲਾ ਕੇ ਕਿਹਾ, ''ਬੇਟਾ, ਮੈਨੂੰ ਮਾਣ ਹੈ ਤੇਰੇ 'ਤੇ। ਸੱਚੀ ਤੂੰ ਬੜੀ ਸਖ਼ਤ ਮਿਹਨਤ ਕੀਤੀ ਹੈ।'' ਨਤੀਜੇ ਬਾਰੇ ਜਦ ਮੈਂ ਡਾ. ਕੁਲਦੀਪ ਨੂੰ ਦੱਸਿਆ ਤਾਂ ਉਨ੍ਹਾਂ ਕਿਹਾ ਸੀ, ''ਵਾਹ ਸ਼ੇਰਾ! ਤੂੰ ਸਿਰਜ ਦਿੱਤਾ ਇਤਿਹਾਸ। ਅੱਜ ਹੋਣਗੇ ਉਨ੍ਹਾਂ ਸਾਰਿਆਂ ਦੇ ਮੂੰਹ ਬੰਦ।''

ਮੇਰੀ ਮਿਹਨਤ 'ਤੇ ਗ਼ਰੀਬੀ ਫਿਰ ਭਾਰੂ ਹੋ ਗਈ ਅਤੇ ਨਿੱਜੀ ਕਾਲਜ 'ਚ ਮਿਲੀ ਐਮ ਬੀ ਬੀ ਐਸ ਦੀ ਸੀਟ ਮਜਬੂਰਨ ਛੱਡਣੀ ਪਈ। ਬੜੇ ਲੋਕਾਂ ਦੀਆਂ ਮਦਦ ਲਈ ਮਿੰਨਤਾਂ ਕੀਤੀਆਂ। ਬੈਂਕ 'ਚ ਐਜੂਕੇਸ਼ਨ ਲੋਨ ਦੀ ਦੁਹਾਈ ਪਾਈ ਪਰ ਹਰ ਪਾਸੇ ਨਿਰਾਸ਼ਾ ਹੱਥ ਲੱਗੀ। ਖੇਤ ਮਜ਼ਦੂਰ ਦਾ ਬੱਚਾ ਮੰਜ਼ਿਲ 'ਤੇ ਪੁੱਜ ਕੇ ਵੀ ਫਿਰ ਪਹਿਲਾਂ ਵਾਲੀ ਹਾਲਤ ਵਿੱਚ ਪਰਤ ਆਇਆ ਸੀ। ਇਸ ਸਭ ਨੇ ਮੈਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਥੇ ਵੀ ਹਾਂ-ਪੱਖੀ ਸਾਹਿਤ ਨੇ ਮੇਰੀ ਬਾਂਹ ਫੜੀ। ਸੰਨ 2013 'ਚ ਮਿਲੀ ਬੀ ਡੀ ਐਸ ਸੀਟ ਮੈਂ ਆਪੇ ਛੱਡ ਦਿੱਤੀ ਸੀ। ਆਖ਼ਰ ਮੈਂ ਬੀ ਏ ਐਮ ਐਸ ਕੋਰਸ ਕਰਨ ਦਾ ਮਨ ਬਣਾਇਆ ਜਿਸ ਦੀ ਫੀਸ ਐਮ ਬੀ ਬੀ ਐਸ ਕੋਰਸ ਦੇ ਮੁਕਾਬਲੇ ਕਾਫ਼ੀ ਘੱਟ ਸੀ ਪਰ ਇਥੇ ਵੀ ਫੀਸ ਦੇ ਜੁਗਾੜ ਲਈ ਬਹੁਤੇ ਲੋਕਾਂ ਨੇ ਆਪਣੀ ਨੇਕ ਕਮਾਈ ਨਾਲ ਮੇਰੀ ਫੀਸ ਭਰੀ। ਇਸਦੀ ਰਾਜ ਪੱਧਰੀ ਪ੍ਰਵੇਸ਼ ਪ੍ਰੀਖਿਆ 'ਚ ਮੇਰਾ ਰੈਂਕ 99 ਆਇਆ ਸੀ ਅਤੇ ਮੈਂ ਸੂਬੇ ਦੇ ਨਾਮਵਰ ਪਰ ਨਿੱਜੀ ਮੈਡੀਕਲ ਕਾਲਜ ਤੋਂ ਪਿੱਛੇ ਜਿਹੇ ਬੀ ਏ ਐਮ ਐਸ ਦੀ ਡਿਗਰੀ ਪੂਰੀ ਕਰ ਕੇ ਇੱਕ ਨਿੱਜੀ ਹਸਪਤਾਲ 'ਚ ਰੈਜ਼ੀਡੈਂਟ ਮੈਡੀਕਲ ਅਫ਼ਸਰ ਵਜੋਂ ਨੌਕਰੀ 'ਤੇ ਲੱਗਾ ਹਾਂ। ਵਾਰਡ ਬੁਆਏ ਤੋਂ ਡਾਕਟਰ ਬਣਨ ਦੇ ਇਸ ਸਫ਼ਰ ਦੌਰਾਨ ਮੇਰੀ ਮਦਦ ਲਈ ਅੱਗੇ ਆਏ ਭਲੇ ਲੋਕ ਮੈਨੂੰ ਫ਼ਰਿਸ਼ਤਿਆਂ ਤੋਂ ਘੱਟ ਨਹੀਂ ਲੱਗਦੇ।

# ਨਾਬਾਲਗ ਨੇ ਭੂਆ ਤੇ ਦਾਦੀ ਨੂੰ ਗੋਲੀਆਂ ਮਾਰੀਆਂ

ਮੁਕਤਸਰ ਸਾਹਿਬ, 16 ਜਨਵਰੀ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਸੰਮੇਵਾਲੀ ਦੇ ਇੱਕ ਨਾਬਾਲਗ ਮੁੰਡੇ ਨੇ ਆਪਣੀ ਦਾਦੀ ਅਤੇ ਭੂਆ 'ਤੇ ਪਿਸਤੌਲ ਨਾਲ ਛੇ ਫਾਇਰ ਕਰ ਦਿੱਤੇ। ਇਨ੍ਹਾਂ 'ਚੋਂ ਭੂਆ ਸੁਮੀਤ ਕੌਰ ਦੇ ਸਿਰ 'ਚ ਤਿੰਨ ਅਤੇ ਮੂੰਹ 'ਤੇ ਇੱਕ ਗੋਲੀ ਵੱਜੀ ਅਤੇ ਬਿਰਧ ਦਾਦੀ ਸੁਖਜਿੰਦਰ ਕੌਰ ਦੀ ਲੱਤ 'ਚ ਦੋ ਗਲੀਆਂ ਵੱਜੀਆਂ। ਹੈਰਾਨੀ ਦੀ ਗੱਲ ਹੈ ਕਿ ਗੰਭੀਰ ਜ਼ਖ਼ਮੀ ਸੁਮੀਤ ਕੌਰ ਖ਼ੁਦ ਕਰੀਬ 25 ਕਿਲੋਮੀਟਰ ਕਾਰ ਚਲਾ ਕੇ ਆਪਣੀ ਮਾਂ ਨਾਲ ਮੁਕਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਪੁੱਜੀ, ਜਿੱਥੇ ਡਾਕਟਰਾਂ ਨੇ ਅਪਰੇਸ਼ਨ ਕਰਕੇ ਗੋਲੀਆਂ ਕੱਢ ਦਿੱਤੀਆਂ।

ਮਿਲੇ ਵੇਰਵੇ ਮੁਤਾਬਕ ਨਾਬਾਲਗ ਦੋਸ਼ੀ ਕੰਵਰਜੀਤ ਸਿੰਘ (17) ਆਪਣੇ ਪਿਤਾ ਹਰਿੰਦਰ ਸਿੰਘ ਨਾਲ ਮੁਕਤਸਰ ਰਹਿੰਦਾ ਹੈ ਅਤੇ ਉਸਦੀ ਦਾਦੀ ਸੁਖਜਿੰਦਰ ਕੌਰ ਤੇ ਤਲਾਕ ਸ਼ੁਦਾ ਭੂਆ ਸੁਮੀਤ ਕੌਰ ਪਿੰਡ ਸੰਮੇਵਾਲੀ ਰਹਿੰਦੀਆਂ ਹਨ। ਇਨ੍ਹਾਂ ਦਾ ਜ਼ਮੀਨ ਦਾ ਝਗੜਾ ਹੈ। ਕੰਵਰਜੀਤ ਕੱਲ੍ਹ ਰਾਤ ਆਪਣੀ ਦਾਦੀ ਕੋਲ ਪਿੰਡ ਸੰਮੇਵਾਲੀ ਗਿਆ ਸੀ।ਇਸੇ ਦੌਰਾਨ ਜ਼ਮੀਨ ਦੇ ਮਸਲੇ 'ਤੇ ਉਨ੍ਹਾਂ ਦਾ ਝਗੜਾ ਹੋ ਗਿਆ ਤੇ ਕੰਵਰਜੀਤ ਸਿੰਘ ਨੇ ਆਪਣੀ ਗੱਡੀ ਵਿੱਚੋਂ ਪਿਸਤੌਲ ਕੱਢ ਕੇ ਦੋਵਾਂ ਔਰਤਾਂ 'ਤੇ ਗੋਲੀਆਂ ਚਲਾ ਦਿੱਤੀਆਂ। ਡਾਕਟਰ ਮੁਤਾਬਕ ਸੁਮੀਤ ਕੌਰ ਦੀ ਹਾਲਤ ਗੰਭੀਰ ਹੈ, ਪਰ ਖ਼ਤਰੇ ਤੋਂ ਬਾਹਰ ਹੈ। ਡਾਕਟਰ ਨੇ ਦੱਸਿਆ ਕਿ ਹੈਰਾਨੀ ਦੀ ਗੱਲ ਹੈ ਕਿ ਤਿੰਨ ਗੋਲੀਆਂ ਖੋਪੜੀ ਵਿੱਚ ਫਸੀਅ ਹੋਈਆਂ ਸਨ ਤੇ ਇੱਕ ਗੋਲੀ ਮੂੰਹ 'ਚ ਵੱਜ ਕੇ ਪਿੱਛੇ ਗਰਦਨ ਵਿੱਚ ਫ਼ਸ ਗਈ ਸੀ, ਪਰ ਜ਼ਖ਼ਮੀ ਔਰਤ ਇਸ ਦੇ ਬਾਵਜੂਦ ਹੋਸ਼ 'ਚ ਸੀ।

ਪੁਲਸ ਨੇ ਕੰਵਰਜੀਤ ਸਿੰਘ ਦੇ ਖ਼ਿਲਾਫ਼ ਧਾਰਾ 307, 120ਬੀ ਅਤੇ ਅਸਲਾ ਐਕਟ ਦਾ ਕੇਸ ਦਰਜ ਕਰ ਲਿਆ ਹੈ, ਪਰ ਪੁਲਸ ਨੂੰ ਅਜੇ ਤੱਕ ਨਾ ਪਿਸਤੌਲ ਬਰਾਮਦ ਹੋਇਆ ਹੈ ਤੇ ਨਾ ਇਹ ਪਤਾ ਲੱਗਾ ਹੈ ਕਿ ਇਹ ਪਿਸਤੌਲ ਨਾਬਾਲਗ ਹਮਲਾਵਰ ਕੋਲ ਕਿਵੇਂ ਆਇਆ। ਪੁਲਸ ਕੋਲ ਸੁਮੀਤ ਕੌਰ ਨੇ ਬਿਆਨ ਦਿੱਤੇ ਹਨ ਕਿ ਹਮਲਾਵਰ ਉਨ੍ਹਾਂ ਦੀ ਜੱਦੀ ਜ਼ਮੀਨ 'ਤੇ ਕਬਜ਼ਾ ਚਾਹੁੰਦਾ ਹੈ। ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

# ਦੁਸਹਿਰਾ ਰੇਲ ਹਾਦਸਾ ਮਾਮਲੇ ਵਿਚ ਜੀ ਆਰ ਪੀ ਦੀ ਜਾਂਚ ਰਿਪੋਰਟ ਵਿੱਚ ਨਵਜੋਤ ਕੌਰ ਸਿੱਧੂ ਨਿਰਦੋਸ਼ ਕਰਾਰ

## * ਗੇਟਮੈਨ ਤੇ ਦਸਹਿਰਾ ਕਮੇਟੀ ਨੂੰ ਹਾਦਸੇ ਲਈ ਜ਼ਿੰਮੇਵਾਰ ਮੰਨਿਆ

ਪਟਿਆਲਾ, 16 ਜਨਵਰੀ (ਪੋਸਟ ਬਿਊਰੋ)- ਸਾਲ 2018 'ਚ ਦਸਹਿਰੇ ਵਾਲੇ ਦਿਨ ਅੰਮ੍ਰਿਸਤਰ ਵਿੱਚ ਹੋਏ ਰੇਲ ਹਾਦਸੇ ਬਾਰੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਤਿਆਰ ਕੀਤੀ ਰਿਪੋਰਟ ਵਿੱਚ ਜੌੜਾ ਫਾਟਕ ਦੇ ਗੇਟਮੈਨ ਅਤੇ ਦਸਹਿਰਾ ਕਮੇਟੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।



ਹਾਦਸੇ ਮਗਰੋ ਰੇਲਵੇ ਟ੍ਰੈਕ ਉਤੇ ਇਕੱਠੇ ਹੋਏ ਲੋਕ ਤੇ ਪੁਲਸ। (ਫਾਇਲ ਫੋਟੋ)

ਪਟਿਆਲਾ ਵਿੱਚ ਜੀ ਆਰ ਪੀ (ਗੌਰਮਿੰਟ ਰੇਲਵੇ ਪੁਲੀਸ) ਦੇ ਸੂਬਾ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਐੱਸ ਆਈ ਟੀ ਵੱਲੋਂ ਰਿਪੋਰਟ ਲਗਭੱਗ ਤਿਆਰ ਹੈ, ਜਿਸ ਨੂੰ ਜਾਰੀ ਕਰਨ ਵਿੱਚ ਵਕਤ ਲੱਗ ਸਕਦਾ ਹੈ। ਪਟਿਆਲਾ ਦਫ਼ਤਰ ਦੇ ਏ ਆਈ ਜੀ ਦਲਜੀਤ ਸਿੰਘ ਰਾਣਾ ਦੀ ਅਗਵਾਈ ਵਾਲੀਇਸ ਟੀਮ ਦੀ ਰਿਪੋਰਟ ਅਨੁਸਾਰ ਲੋਕਾਂ ਵੱਲੋਂ ਦੋਸ਼ ਲਗਾਏ ਗਏ ਸਨ ਕਿ ਰੇਲ ਗੱਡੀ ਦੀ ਸਪੀਡ ਕਾਫੀ ਜ਼ਿਆਦਾ ਸੀ। ਇਹ ਦੱਸਿਆ ਗਿਆ ਕਿ ਸਮਾਗਮ ਵਾਲੀ ਥਾਂ ਤੋਂ ਅਨਾਊਂਸਮੈਂਟ ਰਾਹੀਂ ਲੋਕਾਂ ਨੂੰ ਰੇਲਵੇ ਟਰੈਕ ਉੱਤੇ ਰੇਲ ਗੱਡੀਆਂ ਆਉਣ ਬਾਰੇ ਸੁਚੇਤ ਕੀਤਾ ਜਾ ਰਿਹਾ ਸੀ, ਪਰ ਦਸਹਿਰਾ ਕਮੇਟੀ ਵੱਲੋਂ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਇਸੇ ਤਰ੍ਹਾਂ ਫਾਟਕ (ਜੌੜਾ ਫਾਟਕ, ਜੋ ਉਥੋਂ ਸਿਰਫ 250-300 ਮੀਟਰ ਦੂਰ ਹੈ) ਦੇ ਗੇਟਮੈਨ ਨੂੰ ਵੀ ਦੋਸ਼ੀਆਂ ਦੇ ਖਾਨੇ ਵਿੱਚ ਪਾਇਆ ਗਿਆ ਹੈ।ਜਾਂਚ ਟੀਮ ਦੇ ਇੱਕ ਮੈਂਬਰ ਨੇ ਨਾਂਅ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਰਿਪੋਰਟ ਦੌਰਾਨ ਕਈ ਤੱਥ ਸਾਹਮਣੇ ਆਏ ਹਨ ਜਿਸ ਅਨੁਸਾਰ ਦਸਹਿਰਾ ਕਮੇਟੀ ਮੈਂਬਰ ਕਸੂਰਵਾਰ ਹੈ। ਐੱਸ ਆਈ ਟੀ ਦੇ ਮੁਖੀ ਦਲਜੀਤ ਸਿੰਘ ਰਾਣਾ ਨੇ ਕਿਹਾ ਕਿ ਰਿਪੋਰਟ ਵਿੱਚ ਕੁਝ ਪੱਖ ਦੋਸ਼ੀ ਵੀ ਪਾਏ ਗਏ ਹਨ ਪਰ ਡਾ. ਨਵਜੋਤ ਕੌਰ ਸਿੱਧੂ ਦਾ ਇਸ ਵਿੱਚ ਕੋਈ ਦੋਸ਼ ਨਹੀਂ ਹੈ।

# ਸਹਾਇਕ ਕਮਿਸ਼ਨਰ ਪੰਜ ਲੱਖ ਰੁਪਏ ਰਿਸ਼ਵਤ ਲੈਂਦਾ ਗ੍ਰਿਫ਼ਤਾਰ

ਪਟਿਆਲਾ, 16 ਜਨਵਰੀ (ਪੋਸਟ ਬਿਊਰੋ)- ਵਿਜੀਲੈਂਸ ਬਿਓਰੋ ਪਟਿਆਲਾ ਦੀ ਟੀਮ ਨੇ ਐਕਸਾਈਜ਼ ਅਤੇ ਟੈਕਸੇਸ਼ਨ ਦੇਮੁਬਾਈਲ ਵਿੰਗ ਪੰਜਾਬ ਦੇ ਸਹਾਇਕ ਕਮਿਸ਼ਨਰ ਰਾਜੇਸ਼ ਭੰਡਾਰੀ ਨੂੰ ਪੰਜ ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਲੁਧਿਆਣਾ ਦੇ ਇੱਕ ਟਰਾਂਸਪੋਰਟਰ ਤੋਂ ਇਹ ਪੈਸੇ ਉਸ ਨੇ ਆਪਣੇ ਡਰਾਈਵਰ ਗੁਰਮੇਲ ਸਿੰਘ ਗੇਲਾ ਰਾਹੀਂ ਲਏ ਸਨ ਅਤੇ ਡਰਾਈਵਰ ਨੂੰ ਰੰਗੇ ਹੱਥੀਂ ਫੜਨ ਮਗਰੋਂ ਏਸ ਅਧਿਕਾਰੀ ਨੂੰ ਪਟਿਆਲਾ ਤੋਂ ਫੜਿਆ ਗਿਆ।



ਵਰਨਣ ਯੋਗ ਹੈ ਕਿ ਰਾਕੇਸ਼ ਭੰਡਾਰੀ ਦਾ ਅਹੁਦਾ ਅਸਿਸਟੈਂਟ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ (ਏ ਈ ਟੀ ਸੀ) ਇਸ ਵਿਭਾਗ ਵਿੱਚ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਉਹ ਪੰਜਾਬ ਵਿੱਚ ਕਿਤੇ ਵੀ ਮਾਲ ਲੱਦ ਕੇ ਜਾਂਦੇ ਅਤੇ ਆ ਰਹੇ ਟਰੱਕਾਂ ਆਦਿ ਵਾਹਨਾਂ ਦੀ ਚੈਕਿੰਗ ਕਰਨ ਦਾ ਅਧਿਕਾਰ ਰੱਖਦਾ ਹੈ। ਵਿਜੀਲੈਂਸ ਨੇ ਕੱਲ੍ਹ ਇਹ ਕਾਰਵਾਈ ਲੁਧਿਆਣਾ ਦੇ ਇੱਕ ਟਰਾਂਸਪੋਰਟਰ ਦਲਜੀਤ ਸਿੰਘ ਟਿੱਕੂ ਦੀ ਸ਼ਿਕਾਇਤ 'ਤੇ ਕੀਤੀ ਹੈ, ਜਿਸ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਦੀਆਂ ਗੱਡੀਆਂ ਵਿੱਚ ਲੱਦੇ ਮਾਲ ਦੇ ਦਸਤਾਵੇਜ਼ਾਂ ਵਿੱਚ ਕੋਈ ਨਾ ਕੋਈ ਨੁਕਸ ਕੱਢ ਕੇ ਕਈ ਦਿਨ ਰੋਕੀ ਰੱਖਦਾ ਸੀ।ਸ਼ਿਕਾਇਤਕਰਤਾ ਅਨੁਸਾਰ ਇਸ ਤਰ੍ਹਾਂ ਉਸ ਨੇ ਆਪਣੇ ਟਰੱਕ ਨਾ ਰੋਕਣ ਬਾਰੇ ਗੱਲ ਕੀਤੀ ਤਾਂ ਅਧਿਕਾਰੀ ਨੇ 25 ਲੱਖ ਰੁਪਏ ਦੀ ਮੰਗ ਕੀਤੀ, ਪਰ ਸੌਦਾ ਦਸ ਲੱਖ ਦਾ ਹੋ ਗਿਆ, ਜਿਸ ਵਿੱਚੋਂ ਦੂਜੀ ਕਿਸ਼ਤ ਇੱਕ ਮਹੀਨੇ ਪਿੱਛੋਂ ਦੇਣੀ ਸੀ। ਪਹਿਲੀ ਕਿਸ਼ਤ ਵਜੋਂ ਇਸ ਟਰਾਂਸਪੋਰਟਰ ਨੇ ਪੰਜ ਲੱਖ ਰੁਪਏ ਕੱਲ੍ਹ ਇਸ ਅਧਿਕਾਰੀ ਦੇ ਕਹਿਣ 'ਤੇ ਉਸ ਦੇ ਡਰਾਈਵਰ ਗੁਰਮੇਲ ਸਿੰਘ ਨੂੰ ਸੌਂਪੇ ਤਾਂ ਵਿਜੀਲੈਂਸ ਨੇ ਡਰਾਈਵਰ ਨੂੰ ਫੜਨ ਦੇ ਬਾਅਦ ਬਾਕੀ ਕਾਰਵਾਈ ਵੀ ਕਰ ਦਿੱਤੀ।

# ਕੇਂਦਰੀ ਜੇਲ੍ਹ ਵਿੱਚੋਂ ਕੈਦੀਆਂ ਕੋਲੋਂ ਸੱਤ ਮੋਬਾਈਲ ਫ਼ੋਨ ਬਰਾਮਦ



ਫਿਰੋਜ਼ਪੁਰ, 16 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇਜੇਲ੍ਹ ਵਿਭਾਗ ਵੱਲੋਂ ਜੇਲ੍ਹਾਂ 'ਚ ਕੀਤੀ ਗਈ ਸਖ਼ਤੀ ਦੇ ਬਾਵਜੂਦ ਮੋਬਾਈਲ ਫੋਨ ਤੇ ਨਸ਼ਿਆਂ ਦਾ ਮਿਲਣਾ ਜਾਰੀ ਹੈ। ਇਸ ਪਿੱਛੇ ਕੁਝ ਭ੍ਰਿਸ਼ਟ ਮੁਲਾਜ਼ਮਾਂ ਦੀ ਭਾਈਵਾਲੀ ਨਿਕਲੀ ਹੈ ਤੇ ਜੇਲ੍ਹ ਦੀਆਂ ਬਾਹਰੀ ਕੰਧਾਂ ਉੱਤੋਂ 'ਥਰੋਅ' ਕਰ ਆਉਂਦੇ ਸਮਾਨ 'ਤੇ ਵੀ ਰੋਕ ਨਹੀਂ ਲੱਗ ਰਹੀ। ਏਸੇ ਲਈ ਜੇਲ੍ਹ ਵਿੱਚ ਆਉਂਦੇ ਲੋਕਾਂ ਦੀ ਸਖ਼ਤ ਤਲਾਸ਼ੀ ਦੇ ਬਾਵਜੂਦ ਜੇਲ੍ਹ ਅੰਦਰ ਮੋਬਾਈਲ ਤੇ ਹੋਰ ਸਮਾਨ ਪਹੁੰਚ ਰਿਹਾ ਹੈ।

ਇਸੇ ਸੰਬੰਧ ਵਿੱਚ ਕੱਲ੍ਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚੋਂ ਸੱਤ ਮੋਬਾਈਲ ਫੋਨ ਫੜੇ ਗਏ ਹਨ, ਜਿਨਾਂ ਵਿੱਚੋਂ ਚਾਰ ਫੋਨ ਬਾਹਰੋਂ 'ਥਰੋਅ' ਹੋ ਕੇ ਆਏ ਪੈਕੇਟ ਵਿੱਚੋਂ ਨਿਕਲੇ ਹਨ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਕੇਂਦਰੀ ਜੇਲ੍ਹ ਦੇ ਤਿੰਨ ਹਵਾਲਾਤੀਆਂ ਕੋਲੋਂ ਤਲਾਸ਼ੀ ਦੌਰਾਨ ਤਿੰਨ ਤੇ ਬਾਹਰੋਂ ਸੁੱਟੇ ਲਿਫ਼ਾਫ਼ੇ 'ਚੋਂ ਚਾਰ ਮੋਬਾਈਲ ਫੋਨ ਬਰਾਮਦ ਕਰਕੇ ਕੇਸ ਦਰਜ ਕੀਤਾ ਹੈ। ਸੁਖਵੰਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਇਸ ਬਾਰੇ ਦੱਸਿਆ ਕਿ 14 ਜਨਵਰੀ ਨੂੰ ਜਦੋਂ ਉਹ ਹਵਾਲਾਤੀਆਂ ਦੀ ਤਲਾਸ਼ੀ ਲੈ ਰਹੇ ਸਨ ਤਾਂ ਹਵਾਲਾਤੀ ਜ਼ੋਰਾ ਉਰਫ ਘੋਦੀ ਪੁੱਤਰ ਪਾਲਾ ਸਿੰਘ ਵਾਸੀ ਖਾਈ ਫੇਮੇ ਕੀ, ਹਵਾਲਾਤੀ ਗੁਰਮੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਫੱਤੂਵਾਲਾ ਥਾਣਾ ਸਦਰ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਤੇ ਸਿਕੰਦਰ ਪਾਲ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਕਾਲੂ ਵਾਲਾ ਤੋਂ ਤਿੰਨ ਮੋਬਾਈਲ ਫੋਨ ਬਰਾਮਦ ਹੋਏ। ਇਸੇ ਤਰ੍ਹਾਂ ਜੇਲ੍ਹ ਦੀ ਕੰਧ ਦੇ ਬਾਹਰੋਂ ਕਿਸੇ ਵਿਅਕਤੀ ਨੇ ਜੇਲ੍ਹ ਅੰਦਰ ਇੱਕ ਲਿਫ਼ਾਫ਼ਾ ਸੁੱਟਿਆ ਸੀ। ਜਦੋਂ ਲਿਫ਼ਾਫ਼ਾ ਚੈਕ ਕੀਤਾ ਤਾਂ ਚਾਰ ਮੋਬਾਈਲ ਫੋਨ ਨਿਕਲੇ। ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਇਨ੍ਹਾਂ ਹਵਾਲਾਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਡ੍ਰੋਨ ਦਾ ਭੁਗਤਾਨ ਫੌਜੀ ਜਵਾਨ ਦੇ ਭਰਾ ਦੇ ਖਾਤੇ ਵਿੱਚੋਂ ਹੋਇਆ ਪਤਾ ਲੱਗਾ

ਅੰਮ੍ਰਿਤਸਰ, 16 ਜਨਵਰੀ (ਪੋਸਟ ਬਿਊਰੋ)- ਡ੍ਰੋਨ ਦੇ ਰਾਹੀਂ ਪਾਕਿ-ਸਤਾਨ ਤੋਂ ਹੈਰੋਇਨ ਅਤੇ ਹੱਥਿਆਰ ਮੰਗਵਾਉਣ ਦੇ ਕੇਸ ਵਿੱਚ ਅੰਮ੍ਰਿਤਸਰ ਦੇਹਾਤੀ ਪੁਲਸ ਨੇ ਅੰਬਾਲਾ ਕੈਂਟ ਦੇ ਇੱਕ ਫੌਜੀ ਜਵਾਨ ਰਾਹੁਲ ਚੌਹਾਨ ਦੇ ਭਰਾ ਰੋਹਿਤ ਚੌਹਾਨ ਨੂੰ ਇਸ ਕੇਸ ਵਿੱਚ ਸ਼ਾਮਲ ਕਰ ਲਿਆ ਹੈ। ਪਤਾ ਲੱਗਾ ਹੈ ਕਿ ਰੋਹਿਤ ਦੇ ਬੈਂਕ ਖਾਤੇ ਤੋਂ ਡ੍ਰੋਨ ਖਰੀਦਣ ਦੇ ਬਾਅਦ ਭੁਗਤਾਨ ਕੀਤਾ ਗਿਆ ਸੀ। ਰੋਹਿਤ ਚੌਹਾਨ ਹਰਿਆਣਾ ਦੇ ਕਰਨਾਲ ਦਾ ਵਸਨੀਕ ਹੈ। ਇਸ ਕੇਸ ਵਿੱਚ ਫੌਜ ਦੇ ਜਵਾਨ ਸਹਿਤ ਪੰਜ ਲੋਕਾਂ ਨੂੰ ਗ੍ਰਿਫ਼ਤਾਰੀ ਪਹਿਲਾ ਹੀ ਹੋ ਚੁੱਕੀ ਹੈ। ਰੋਹਿਤ ਹਾਲੇ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ।



ਇਸ ਦੌਰਾਨ ਪੁਲਸ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਰੋਹਿਤ ਨੇ ਆਪਣੇ ਭਰਾ ਰਾਹੁਲ ਚੌਹਾਨ ਨੂੰ ਪੁਲਸ ਤੋਂ ਛਿਪਾਉਣ ਵਿੱਚ ਕਾਫੀ ਮਦਦ ਕੀਤੀ ਸੀ। ਐਸ ਐਸ ਪੀ ਦੇਹਾਤੀ ਵਿਕਰਮ ਦੁਗਲ ਨੇ ਦੱਸਿਆ ਕਿ ਰੋਹਿਤ ਦੀ ਗ੍ਰਿਫ਼ਤਾਰੀ ਲਈ ਪੁਲਸ ਟੀਮ ਰਵਾਨਾ ਕੀਤੀ ਗਈ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਰੋਹਿਤ ਦੀ ਗ੍ਰਿਫ਼ਤਾਰੀ ਦੇ ਬਾਅਦ ਇਸ ਕੇਸ ਵਿੱਚ ਹੋਰ ਵੀ ਰਾਜ਼ ਫਾਸ਼ ਹੋ ਸਕਦੇ ਹਨ। ਪੁਲਸ ਨੂੰ ਖੁਫੀਆ ਵਿਭਾਗ ਤੋਂ ਸੂਚਨਾ ਮਿਲੀ ਸੀ ਕਿ ਫਤਾਹਪੁਰ ਜੇਲ੍ਹ ਵਿੱਚ ਬੰਦ ਤਰਨਤਾਰਨ ਦਾ ਬਲਕਾਰ ਸਿੰਘ ਪਾਕਿਸਤਾਨ ਤੋਂ ਹੈਰੋਇਨ ਅਤੇ ਹਥਿਆਰਾਂ ਦੀ ਖੇਪ ਡ੍ਰੋਨ ਦੇ ਰਾਹੀਂ ਮੰਗਵਾ ਰਿਹਾ ਹੈ। ਇਸ ਕੰਮ ਲਈ ਉਸਨੇ ਫੌਜੀ ਜਵਾਨ ਰਾਹੁਲ ਚੌਹਾਨ ਦੀ ਮਦਦ ਲਈ ਸੀ। ਜਦ ਪੁਲਸ ਨੇ ਰਾਹੁਲ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਸ ਨੇ ਪੁੱਛਗਿੱਛ ਵਿੱਚ ਜੇਲ੍ਹ ਵਿੱਚ ਬੰਦ ਸਰਵਨ ਸਿੰਘ ਅਤੇ ਲਖਵਿੰਦਰ ਸਿੰਘ ਦਾ ਨਾਮ ਲਿਆ। ਇਸ ਦੌਰਾਨ ਪੁਲਸ ਅੰਮ੍ਰਿਤਸਰ ਦੇ ਧਨੋਆ ਖੁਰਦ ਪਿੰਡ ਦੇ ਧਰਮਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਚੁੱਕੀ ਸੀ। ਜਾਂਚ ਵਿੱਚ ਪਤਾ ਲੱਗਾ ਸੀ ਕਿ ਰਾਹੁਲ ਚੌਹਾਨ ਨੇ ਕੁਝ ਸਮੇਂ ਪਹਿਲਾਂ ਆਨਲਾਈਨ ਆਰਡਰ ਦੇ ਕੇ ਦੋ ਡ੍ਰੋਨ ਖਰੀਦੇ ਸੀ, ਜਿਸ ਦਾ ਭੁਗਤਾਨ ਰਾਹੁਲ ਦੇ ਭਰਾ ਰੋਹਿਤ ਦੇ ਬੈਂਕ ਖਾਤੇ ਤੋਂ ਕੀਤਾ ਗਿਆ ਸੀ।

## ਜੱਜ ਮੂਹਰੇ ਰੋਂਦਾ ਮਨਿੰਦਰ ਬੋਲਿਆ: ਹਾਂ ਮੈਂ ਕਤਲ ਕੀਤਾ, ਗਲਤੀ ਹੋ ਗਈ

ਚੰਡੀਗੜ੍ਹ, 16 ਜਨਵਰੀ (ਪੋਸਟ ਬਿਊਰੋ)- ਇੰਡਸਟਰੀਅਲ ਏਰੀਆ ਫੇਜ ਦੋ ਦੇ ਹੋਟਲ ਵਿੱਚ ਕਤਲ ਦੇ ਕੇਸ ਵਿੱਚ ਕੱਲ੍ਹ ਟੀ ਵੀ ਚੈਨਲ ਦੇ ਆਫਿਸ ਵਿੱਚ ਇੰਟਰਵਿਊ ਦੇਣ ਪਿੱਛੋਂ ਪੁਲਸ ਨੇ ਜਿਸ ਮਨਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ, ਉਸ ਨੂੰ ਜਦੋਂ ਕੋਰਟ ਵਿੱਚ ਪੇਸ਼ ਕੀਤਾ ਗਿਆ ਤਾ ਪੁਲਸ ਉਸ ਦਾ ਰਿਮਾਂਡ ਮੰਗਣ ਦੇ ਲਈ ਜੱਜ ਨੂੰ ਕੇਸ ਬਾਰੇ ਦੱਸ ਰਹੀ ਸੀ ਕਿ ਇੰਨੇ ਵਿੱਚ ਦੋਸ਼ੀ ਸਾਰੇ ਸਵਾਲਾਂ ਦਾ ਖੁਦ ਹੀ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਇਸ ਕੇਸ ਵਿੱਚ ਜੱਜ ਨੇ ਰਿਕਵਰੀ ਲਈ ਪੁਲਸ ਨੂੰ ਦੋਸ਼ੀ ਦਾ ਪੰਜ ਦਿਨ ਰਿਮਾਂਡ 'ਤੇ ਦੇ ਦਿੱਤਾ ਹੈ। ਕੋਰਟ ਵਿੱਚ ਦੋਸ਼ੀ ਨੂੰ ਪੁਲਸ ਪੇਸ਼ ਕਰਨ ਲਿਆਈ ਤਾਂ ਮਨਿੰਦਰ ਨੇ ਖੁਦ ਹੀ ਬੋਲਣਾ ਸ਼ੁਰੂ ਕਰ ਦਿੱਤਾ ਕਿ ਉਹ ਫਰਾਰ ਹੋਣ ਦੌਰਾਨ ਸਭ ਤੋਂ ਪਹਿਲਾ ਲੁਧਿਆਣਾ ਗਿਆ ਅਤੇ ਬਸ ਵਿੱਚ ਹੀ ਚਾਕੂ ਛੱਡ ਦਿੱਤਾ। ਇਸ ਪਿੱਛੋਂ ਉਹ ਸਰਹਿੰਦ ਗੁਰੂਦੁਆਰੇ ਜੋਤੀ ਸਰੂਪ ਗਿਆ।

# ਪ੍ਰੇਮੀ ਨਾਲ ਮਿਲਣ ਯੂ ਪੀ ਤੋਂ ਜਲੰਧਰ ਕੁੜੀ ਆਈ, ਪਰ ਪ੍ਰੇਮੀ 'ਤੇ ਕੇਸ ਦਰਜ



ਜਲੰਧਰ, 16 ਜਨਵਰੀ (ਪੋਸਟ ਬਿਊਰੋ)- ਥਾਣਾ ਤਿੰਨ ਦੀ ਪੁਲਸ ਨੇ ਪ੍ਰਾਈਵੇਟ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਦੇ ਖ਼ਿਲਾਫ਼ ਵਿਆਹ ਦੇ ਝਾਂਸੇ ਵਿੱਚ ਫਸਾ ਕੇ ਲੜਕੀ ਨੂੰ ਅਗਵਾ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਦੋਸ਼ੀ ਲੜਕੇ ਦੀ ਪਛਾਣ ਕਾਰਤਿਕ ਉਫ ਹੈਰੀ ਵਜੋਂ ਹੋਈ ਹੈ।

ਦਿਲਚਸਪ ਗੱਲ ਇਹ ਹੈ ਕਿ ਘਰੋਂ ਭੱਜਣ ਦੇ ਬਾਅਦ ਲੜਕੀ ਖੁਦ ਜਲੰਧਰ ਪੁਲਸ ਕੋਲ ਪਹੁੰਚੀ ਸੀ ਜਿੱਥੇ ਉਸ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਮਿਲਣ ਲਈ ਉੱਤਰ ਪ੍ਰਦੇਸ਼ ਤੋਂ ਆਈ ਹੈ। ਇਸ ਤੋਂ ਬਾਅਦ ਉਹ ਪੁਲਸ ਨੂੰ ਇਹ ਕਹਿ ਕੇ ਚਲੀ ਗਈ ਕਿ ਉਹ ਆਪਣੇ ਦੋਸਤ ਨੂੰ ਖੁਦ ਤਲਾਸ਼ ਕਰ ਲਵੇਗੀ। ਪੁਲਸ ਦੇ ਮੁਤਾ-ਬਕ ਉਸ ਨੇ ਥਾਣੇ ਤੋਂ ਬਾਹਰ ਜਾਂਦੇ ਹੋਏ ਆਪਣੇ ਦੋਸਤ ਨਾਲ ਫੋਨ 'ਤੇ ਗੱਲ ਵੀ ਕੀਤੀ ਸੀ। ਲੜਕੀ ਦੇ ਚਲੇ ਜਾਣ ਪਿੱਛੋਂ ਪੁਲਸ ਨੇ ਉਸ ਦਾ ਪਤਾ ਲਾ ਕੇ ਉਸਦੇ ਪਿਤਾ ਨੂੰ ਉੱਤਰ ਪ੍ਰਦੇਸ਼ ਵਿੱਚ ਫੋਨ ਉੱਤੇ ਦੱਸਿਆ।

ਦੂਸਰੇ ਪਾਸੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਇੱਕ ਪਿੰਡ ਦੇ ਵਾਸੀ ਨੇ ਕਿਹਾ ਕਿ ਉਸ ਦੀ ਬੇਟੀ 11 ਜਨਵਰੀ ਨੂੰ ਘਰੋਂ ਬਾਹਰ ਗਈ ਸੀ, ਪਰ ਤਿੰਨ ਘੰਟੇ ਤੱਕ ਜਦੋਂ ਵਾਪਸ ਨਹੀਂ ਆਈ ਤਾਂ ਉਨ੍ਹਾਂ ਨੇ ਉਸ ਦੀ ਤਲਾਸ਼ ਸ਼ੁਰੂ ਕੀਤੀ। ਇਸ ਦੌਰਾਨ ਉਸ ਦੀ ਬੇਟੀ ਦੀ ਸਹੇਲੀ ਨੇ ਦੱਸਿਆ ਕਿ ਉਹ ਕਹਿੰਦੀ ਸੀ ਕਿ ਜਲੰਧਰ ਦੀ ਇੱਕ ਨਿੱਜੀ ਯੂਨੀਵਰਸਿਟੀ ਵਿੱਚ ਇੱਕ ਲੜਕਾ ਪੜ੍ਹਦਾ ਹੈ, ਉਹ ਉਸ ਨਾਲ ਪ੍ਰੇਮ ਕਰਦੀ ਹੈ ਅਤੇ ਜਲਦੀ ਹੀ ਉਸ ਕੋਲ ਜਲੰਧਰ ਜਾਣ ਵਾਲੀ ਹੈ। ਥਾਣਾ ਤਿੰਨ ਦੀ ਪੁਲਸ ਨੇ ਇਸ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਉਸ ਲੜਕੀ ਦੇ ਪ੍ਰੇਮੀ ਦੇ ਖ਼ਿਲਾਫ਼ ਅਗਵਾ ਅਤੇ ਵਿਆਹ ਦਾ ਸੱਦਾ ਦੇ ਕੇ ਭਜਾਉਣ ਦੇ ਦੋਸ਼ ਵਿੱਚ ਕੇਸ ਦਰਜ ਕਰ ਲਿਆ ਹੈ।

# ਥਾਣੇਦਾਰ ਨੇ ਦੋਸਤ ਦੀ ਪਤਨੀ 'ਤੇ ਦੋ ਗੋਲੀਆਂ ਦਾਗੀਆਂ



ਪੀੜਿਤਾ ਦੇ ਪਰਿਵਾਰ ਵਾਲੇ ਜਾਣਕਾਰੀ ਦਿੰਦੇ ਹੋਏ।

ਲੁਧਿਆਣਾ, 16 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ ਰੋਡ ਦੇ ਸੈਕਟਰ-32 ਵਿੱਚ ਲੈਣ-ਦੇਣ ਬਾਰੇ ਵਿਵਾਦ ਹੋਣ ਪਿੱਛੋਂ ਜਮਾਲਪੁਰ ਥਾਣੇ ਵਿੱਚ ਤੈਨਾਤ ਏ ਐਸ ਆਈ ਨੇ ਦੋਸਤ ਦੀ ਪਤਨੀ 'ਤੇ ਸਵਿਰਸ ਪਿਸਤੌਲ ਨਾਲ ਦੋ ਗੋਲੀਆਂ ਚਲਾ ਦਿੱਤੀਆਂ। ਪਹਿਲਾ ਫਾਇਰ ਮਿਸ ਹੋ ਗਿਆ, ਪਰ ਦੂਸਰੀ ਗੋਲੀ ਮਹਿਲਾ ਦੇ ਪੇਟ ਵਿੱਚ ਲੱਗੀ। ਘਟਨਾ ਕੱਲ੍ਹ ਦੁਪਹਿਰ ਬਾਅਦ ਦੀ ਹੈ। ਸੈਕਟਰ-39 ਦਾ ਨਿਵਾਸੀ ਏ ਐਸ ਆਈ ਸੁਖਪਾਲ ਸਿੰਘ ਇਸ ਦੇ ਬਾਅਦ ਫਰਾਰ ਹੈ।

ਏ ਡੀ ਸੀ ਪੀ ਅਜਿੰਦਰ ਸਿੰਘ ਨੇ ਦੱਸਿਆ ਕਿ ਜ਼ਖ਼ਮੀ ਮਹਿਲਾ ਦੀ ਪਛਾਣ ਸੈਕਟਰ-32 ਨਿਵਾਸੀ ਚੰਚਲ ਵਿਨੋਚਾ (44) ਵਜੋਂ ਹੋਈ ਹੈ। ਪੁਲਸ ਨੇ ਉਸ ਦੇ ਬਿਆਨ 'ਤੇ ਕੇਸ ਦਰਜ ਕੀਤਾ ਹੈ। ਚੰਚਲ ਨੇ ਦੱਸਿਆ ਕਿ ਉਸਦਾ ਪਤੀ ਸੁੰਦਰ ਨਗਰ ਦੀ ਇੱਕ ਫੈਕਟਰੀ ਵਿੱਚ ਨੌਕਰੀ ਕਰਦਾ ਹੈ। ਏ ਐਸ ਆਈ ਸੁਖਪਾਲ ਸਿੰਘ ਨਾਲ ਉਸਦੇ ਪਤੀ ਦੀ 12 ਸਾਲ ਤੋਂ ਪਛਾਣ ਹੈ। ਸੁਖਪਾਲ ਸਿੰਘ ਕੱਲ੍ਹ ਘਰ ਆਇਆ ਅਤੇ ਕਿਹਾ ਕਿ ਉਸ ਨੇ ਬੇਟੇ ਲਈ ਕਾਰ ਖਰੀਦਣੀ ਹੈ, ਜਿਸਦੇ ਲਈ ਉਸ ਨੂੰ ਪੈਸਿਆਂ ਦੀ ਲੋੜ ਹੈ। ਚੰਚਲ ਨੇ ਪੈਸੇ ਦੇਣ ਤੋਂ ਮਨਾ ਕੀਤਾ, ਤਾਂ ਸੁਖਪਾਲ ਨੇ ਸਰਵਿਸ ਪਿਸਤੋਲ ਤੋਂ ਦੋ ਫਾਇਰ ਕੀਤੇ। ਫਿਰ ਉਹ ਖੁਦ ਹੀ ਚੰਚਲ ਨੂੰ ਕਾਰ ਵਿੱਚ ਫੋਰਟਿਸ ਹਸਪਤਾਲ ਲੈ ਗਿਆ, ਜਿੱਥੇ ਡਾਕਟਰਾਂ ਨੇ ਚੰਚਲ ਦੇ ਪੇਟ ਤੋਂ ਗੋਲੀ ਨਿਕਾਲੀ। ਉਸ ਤੋਂ ਬਾਅਦ ਸੁਖਪਾਲ ਸਿੰਘ ਫਰਾਰ ਹੋ ਗਿਆ ਹੈ।

# ਵਿਦੇਸ਼ ਭੇਜਣ ਬਹਾਨੇ 10 ਲੋਕਾਂ ਨੂੰ ਠੱਗਣ ਵਾਲੇ ਏਜੰਟ ਜੋੜੇ ਉੱਤੇ ਕੇਸ ਦਰਜ

ਭੋਗਪੁਰ, 16 ਜਨਵਰੀ (ਪੋਸਟ ਬਿਊਰੋ)- ਇਸ ਨਗਰ ਦੀ ਪੁਲਸ ਵੱਲੋਂ ਇੱਕ ਏਜੰਟ ਜੋੜੇ ਦੇ ਖ਼ਿਲਾਫ਼ 10 ਲੋਕਾਂ ਨਾਲ ਵਿਦੇਸ਼ ਭੇਜਣ ਦੇ ਨਾਂ ਉੱਤੇ ਠੱਗੀ ਮਾਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਹੈ।



ਇਸ ਬਾਰੇ ਰਣਧੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਮੁੱਹਲਾ ਪੰਡੋਰੀ ਸੁਲਤਾਨਪੁਰ ਲੋਧੀ ਜ਼ਿਲਾ ਕਪੂਰਥਲਾ ਨੇ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ 11 ਸਾਲ ਪਹਿਲਾਂ ਦੁਬਈ ਰਹਿ ਕੇ ਆਇਆ ਸੀ ਅਤੇ ਦੁਬਈ ਵਿੱਚ ਉਸ ਦੀ ਜਾਣ-ਪਛਾਣ ਟ੍ਰੈਵਲ ਏਜੰਟ ਰਾਜੇਸ਼ ਕੁਮਾਰ ਤੇ ਉਸ ਦੀ ਪਤਨੀ ਰੂਬੀ ਨਾਲ ਹੋਈ ਸੀ। ਰਣਧੀਰ ਸਿੰਘ ਜਦੋਂ ਭਾਰਤ ਆਇਆ ਤਾਂ ਟ੍ਰੈਵਲ ਏਜੰਟ ਰਾਜੇਸ਼ ਕੁਮਾਰ ਨੇ ਦੁਬਈ ਤੋਂ ਫੋਨ ਕੀਤਾ ਕਿ ਉਹ ਦੁਬਈ ਵਿੱਚ ਹੋਟਲ ਖੋਲ੍ਹ ਰਿਹਾ ਹੈ ਅਤੇ ਉਸ ਨੂੰ ਹੋਟਲ 'ਚ ਕੰਮ ਕਰਨ ਵਾਲਿਆਂ ਦੀ ਲੋੜ ਹੈ ਅਤੇ ਉਸ ਨੇ ਰਣਧੀਰ ਸਿੰਘ ਨੂੰ ਬੰਦਿਆਂ ਦਾ ਪ੍ਰਬੰਧ ਕਰਨ ਲਈ ਕਿਹਾ।ਰਣਧੀਰ ਸਿੰਘ ਨੇ ਗੁਰਬੀਰ ਸਿੰਘ ਪੁੱਤਰ ਰਣਧੀਰ ਸਿੰਘ, ਰਾਮ ਤੀਰਥ ਪੁੱਤਰ ਗੁੱਜਾ ਸਿੰਘ ਵਾਸੀ ਵਡਾਲਾ, ਗੁਰਪ੍ਰੀਤ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਚਾਓਚੱਕ, ਬਲਵੰਤ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਮਹੱਦੀਪੁਰ, ਗਗਨਦੀਪ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਨਡਾਲਾ, ਰਾਜਵਿੰਦਰ ਕੌਰ ਪੁੱਤਰੀ ਬਲਵਿੰਦਰ ਸਿੰਘ ਵਾਸੀ ਅਜੀਤ ਨਗਰ ਕਪੂਰਥਲਾ, ਕੁਲਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਮਡਿਆਲਾ, ਨਰਿੰਦਰਜੀਤ ਸਿੰਘ ਪੁੱਤਰ ਹੀਰਾ ਸਿੰਘ ਅਜੀਤ ਨਗਰ ਕਪੂਰਥਲਾ, ਮਨਜੀਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਨਡਾਲਾ, ਸੁਖਮਨਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਦੇ ਪਾਸਪੋਰਟਾਂ ਦੀਆਂ ਕਾਪੀਆਂ ਦੁਬਈ ਭੇਜ ਦਿੱਤੀਆਂ। ਇਸ ਤੋਂ ਥੋੜ੍ਹੇ ਦਿਨ ਬਾਅਦ ਟ੍ਰੈਵਲ ਏਜੰਟ ਰਾਜੇਸ਼ ਕੁਮਾਰ ਨੇ ਦੁਬਈ ਤੋਂ ਰਣਧੀਰ ਸਿੰਘ ਨੂੰ ਫੋਨ ਕੀਤਾ ਕਿ ਉਸ ਨੇ ਸਭ ਦੇ ਵੀਜ਼ੇ ਲਵਾ ਕੇ ਟਿਕਟਾਂ ਦਾ ਪ੍ਰਬੰਧ ਕਰ ਦਿੱਤਾ ਹੈ ਅਤੇ ਤੁਸੀਂ ਮੈਨੂੰ 10 ਲੱਖ ਰੁਪਏ ਦੇਣੇ ਹਨ, ਇਨ੍ਹਾਂ 'ਚੋਂ ਦੋ ਲੱਖ ਰੁਪਏ ਮੇਰੀ ਪਤਨੀ ਰੂਬੀ, ਜਿਹੜੀ ਜੰਮੂ ਵਿਖੇ ਆਈ ਹੋਈ ਹੈ, ਨੂੰ ਅਡਵਾਂਸ ਦੇ ਦਿਓ। ਏਜੰਟ ਰਾਜੇਸ਼ ਦੀ ਪਤਨੀ ਰੂਬੀ ਨੇ ਰਣਧੀਰ ਸਿੰਘ ਨੂੰ ਫੋਨ ਕੀਤਾ ਕਿ ਉਹ ਭੋਗਪੁਰ ਆਈ ਹੈ ਅਤੇ ਰਣਧੀਰ ਸਿੰਘ ਨੇ ਆਪਣੇ ਰਿਸ਼ਤੇਦਾਰ ਨਰਿੰ-ਦਰ ਸਿੰਘ ਨਾਲ ਭੋਗਪੁਰ ਬੱਸ ਅੱਡੇ 'ਚ ਜਾ ਕੇ ਦੋ ਲੱਖ ਰੁਪਏ ਰੂਬੀ ਕੁਮਾਰੀ ਨੂੰ ਦਿੱਤੇ ਤੇ ਬਾਕੀ ਅੱਠ ਲੱਖ ਰੁਪਏ ਰਾਜੇਸ਼ ਕੁਮਾਰ ਵੱਲੋਂ ਦਿੱਤੇ ਗਏ ਵੱਖ-ਵੱਖ ਬੈਂਕ ਅਕਾਂਊਟਾਂ 'ਚ ਜਮ੍ਹਾ ਕਰਵਾ ਦਿੱਤੇ। ਜਦੋਂ ਰਣਧੀਰ ਸਿੰਘ ਨੇ ਏਜੰਟ ਰਾਜੇਸ਼ ਵੱਲੋਂ ਭੇਜੇ ਵੀਜ਼ੇ ਅਤੇ ਟਿਕਟਾਂ ਚੈਕ ਕਰਵਾਈਆਂ ਤਾਂ ਸਭ ਜਾਅਲੀ ਸਨ।ਉਸ ਤੋਂ ਬਾਅਦ ਰਾਜੇਸ਼ ਅਤੇ ਉਸ ਦੀ ਪਤਨੀ ਰੂਬੀ ਨੇ ਆਪਣੇ ਮੋਬਾਈਲ ਫੋਨ ਬੰਦ ਕਰ ਲਏ। ਐਸ ਐਸ ਪੀ ਵੱਲੋਂ ਇਸ ਦੀ ਜਾਂਚ ਡੀ ਐਸ ਪੀ ਕ੍ਰਾਈਮ ਅਗੇਂਸਟ ਪ੍ਰਾਪਰਟੀ ਤੋਂ ਕਰਵਾਉਣ ਤੋਂ ਬਾਅਦ ਥਾਣਾ ਭੋਗਪੁਰ ਪੁਲਸ ਵੱਲੋਂ ਰਾਜੇਸ਼ ਕੁਮਾਰ ਪੁੱਤਰ ਸੰਤ ਰਾਮ ਅਤੇ ਉਸ ਦੀ ਪਤਨੀ ਰੂਬੀ ਵਾਸੀ ਬਲੇਹਰ ਜ਼ਿਲ੍ਹਾ ਆਰ ਐਸ ਪੁਰਾ ਜੰਮੂ ਖ਼ਿਲਾਫ਼ ਥਾਣਾ ਭੋਗਪੁਰ ਵਿੱਚ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224




# ਆਈ ਐਮ ਏ ਨੂੰ ਪ੍ਰਧਾਨ ਮੰਤਰੀ ਦੇ ਬਿਆਨ 'ਤੇ ਸਖਤ ਇਤਰਾਜ਼

## *ਦੋਸ਼ ਸਾਬਿਤ ਕਰਨ ਜਾਂ ਮੁਆਫੀ ਮੰਗਣ ਲਈ ਕਿਹਾ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਭਾਰਤ ਵਿਚ ਸੇਵਾ ਕਰਦੇ 3.5 ਲੱਖ ਡਾਕਟਰਾਂ ਦੀ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਪੱਸ਼ਟੀਕਰਨ ਮੰਗਿਆ ਹੈ ਕਿ ਕੀ ਸਰਕਾਰ ਦਵਾਈ ਕੰਪਨੀਆਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਯੋਜਨਾ ਬਣਾ ਰਹੀ ਹੈ, ਕਿਉਂਕਿ ਕੰਪਨੀਆਂ ਵੱਲੋਂ ਡਾਕਟਰਾਂ ਨੂੰ ਰਿਸ਼ਵਤ ਦੇਣ ਅਤੇ ਐਥੀਕਲ ਮੈਡੀਕਲ ਪ੍ਰੈਕਟਿਸ ਕਰਨ ਦੀ ਉਲੰਘਣਾ ਦਾ ਦੋਸ਼ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਵਾਈ ਕੰਪਨੀਆਂ ਨੂੰ ਇਹ ਚਿਤਾਵਨੀ ਦਿੱਤੀ ਸੀ ਕਿ ਉਹ ਡਾਕਟਰੀ ਵਾਲੇ ਐਥਿਕਸ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਔਰਤਾਂ, ਵਿਦੇਸ਼ੀ ਯਾਤਰਾਵਾਂ ਅਤੇ ਗੈਜੇਟਸ ਦੇ ਰੂਪ ਵਿੱਚ ਡਾਕਟਰਾਂ ਨੂੰ ਰਿਸ਼ਵਤ ਨਾ ਦੇਣ।ਕੇਂਦਰ ਦੀ ਸਰਕਾਰ ਦਾ ਇਹ ਪੱਖ ਦੋ ਜਨਵਰੀ ਨੂੰ ਨਵੀਂ ਦਿੱਲੀ ਵਿੱਚ ਕੈਡਿਲਾ, ਟੌਰੇਂਟ ਫਾਰਮਾਸਿਊਟੀਕਲ ਤੇ





ਵਾਕਹਾਰਟ ਸਮੇਤ ਦਵਾਈ ਕੰਪਨੀਆਂ ਨਾਲ ਪ੍ਰਧਾਨ ਮੰਤਰੀ ਤੇ ਸੀਨੀਅਰ ਅਧਿਕਾਰੀਆਂ ਦੀ ਇਕ ਬੈਠਕ ਵਿਚ ਆਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿਚ ਕੱਲ੍ਹ ਆਈ ਐਮ ਏ ਨੇ ਪ੍ਰਧਾਨ ਮੰਤਰੀ ਦਫ਼ਤਰ ਤੋਂ ਅਜਿਹੀ ਕਿਸੇ ਮੀਟਿੰਗ ਬਾਰੇ ਸਪੱਸ਼ਟੀਕਰਨ ਦੀ ਮੰਗ ਕੀਤੀ ਗਈ ਹੈ, ਪਰ ਇਹਡਾਕਟਰਾਂ ਵੱਲੋਂ ਵਿਦੇਸ਼ੀ ਯਾਤਰਾਵਾਂ, ਮਹਿੰਗੇ ਸਮਾਰਟਫੋਨ, ਅੰਤਰਰਾਸ਼ਟਰੀ ਸੰਮੇਲਨਾਂ ਦੇ ਰੂਪ ਵਿੱਚ ਰਿਸ਼ਵਤ ਲੈਣ ਦੇ ਦੋਸ਼ ਬਾਰੇ ਚੁੱਪ ਹੈ। ਪੱਤਰ ਵਿੱਚ ਡਾਕਟਰਾਂ ਨੂੰ ਔਰਤਾਂ ਦੀ ਸਪਲਾਈ ਵਿੱਚ ਸ਼ਾਮਲ ਕੰਪਨੀਆਂ ਦੀ ਸੂਚੀਮੰਗੀ ਗਈ ਹੈ।ਆਈ ਐਮ ਏ ਦੀ ਚਿੱਠੀ ਵਿੱਚ ਲਿਖਿਆ ਗਿਆ ਹੈ ਕਿ ਇਸ ਤੋਂ ਇਲਾਵਾ ਦੋਸ਼ੀ ਪਾਏ ਗਏ ਡਾਕਟਰਾਂ ਜਾਂ ਹੋਰਨਾਂ ਦੇ ਨਾਂ ਦੱਸਣਾ ਵੀ ਪ੍ਰਧਾਨ ਮੰਤਰੀ ਦਫਅਰ ਲਈ ਜ਼ਰੂਰੀ ਹੈ। ਜੇ ਡਾਕਟਰਾਂ ਨੂੰ ਨੈਤਿਕ ਤੌਰ 'ਤੇ ਦੋਸ਼ੀ ਠਹਿਰਾਇਆ ਹੈ ਤਾਂ ਇੰਡੀਅਨ ਮੈਡੀਕਲ ਕੌਂਸਲ ਨੂੰ ਯੋਗ ਕਾਰਵਾਈ ਕਰਨੀ ਚਾਹੀਦੀ ਹੈ। ਆਈ ਐਮ ਏ ਨੇ ਕਿਹਾ ਕਿ ਸਰਕਾਰ ਇਨ੍ਹਾਂ ਦੋਸ਼ਾਂ ਨੂੰ ਸਾਬਤ ਨਹੀਂ ਕਰ ਪਾਏਗੀ।

ਆਪਣੇ ਪੱਤਰ ਵਿੱਚ ਆਈ ਐਮ ਏ ਨੇ ਸਰਕਾਰ ਨੂੰ ਲੋਕਾਂ ਦੀ ਸਿਹਤ ਤੇ ਦੇਸ਼ ਦੀ ਡਾਕਟਰੀ ਸਿੱਖਿਆ ਬਾਰੇ ਅਣ-ਸੁਲਝੇ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਇਹ ਵਿਸ਼ਵਾਸ ਹੈ ਕਿ ਇਹ ਰਾਜਨੀਤਿਕ ਸਿਹਤ ਖੇਤਰ ਵਿੱਚ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਹੈ।

## ਲਕੜਾਵਾਲਾ ਨੇ ਕਿਹਾ

# 'ਦਾਊਦ ਇਬਰਾਹੀਮ ਪਾਕਿਸਤਾਨ ਦੇ ਅਫਸਰਾਂ ਰਾਹੀਂ ਕੰਮ ਕਰਦੈ'





ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਭਗੌੜੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਨੇ ਨੇਪਾਲ ਦੇ ਕਾਠਮੰਡੂ 'ਚ ਆਪਣਾ ਵੱਡਾ ਅੱਡਾ ਬਣਾਇਆ ਹੋਇਆ ਹੈ। ਉਥੋਂ ਉਹ ਭਾਰਤ ਵਿੱਚ ਨਕਲੀ ਨੋਟ ਭੇਜਦਾ ਹੈ। ਨੇਪਾਲ 'ਚ ਪਾਕਿਸਤਾਨ ਦੇ ਦੂਤਘਰ ਦੇ ਖ਼ਾਸ ਅਧਿਕਾਰੀਆਂ ਰਾਹੀਂ ਉਹ ਆਪਣਾ ਕਾਰੋਬਾਰ ਚਲਾਉਂਦਾ ਹੈ।

ਕਿਸੇ ਸਮੇਂ ਦਾਊਦ ਗਿਰੋਹ ਦਾ ਮੈਂਬਰ ਰਹਿ ਚੁੱਕੇ ਇਜਾਜ ਲਕੜਾਵਾਲਾ ਨੇ ਮੁੰਬਈ ਪੁਲਸ ਦੀ ਪੁੱਛਗਿੱਛ 'ਚ ਇਹ ਗੱਲ ਕਹੀ ਹੈ। ਉਸ ਨੂੰ ਅੱਠ ਜਨਵਰੀ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਲਕੜਾਵਾਲਾ ਨੇ ਮੋਸਟ ਵਾਂਟਿਡ ਦਾਊਦ ਇਬਰਾਹੀਮ ਦੇ ਪਾਕਿਸਤਾਨ ਦੇ ਕਰਾਚੀ ਸ਼ਹਿਰ 'ਚ ਦੋ ਘਰਾਂ ਦਾ ਪਤਾ ਵੀ ਦੱਸਿਆ ਹੈ। ਮੁੰਬਈ ਪੁਲਸ ਦੀ ਅਪਰਾਧ ਬ੍ਰਾਂਚ ਦੇ ਪ੍ਰਮੁੱਖ ਅਧਿਕਾਰੀਆਂ ਦੇ ਮੁਤਾਬਕ ਦਾਊਦ ਦੇ ਇੱਕ ਘਰ ਦਾ ਪਤਾ 6ਏ, ਖਾਯਾਬਨ ਤਨਜ਼ੀਨ ਫੇਜ਼-5, ਡਿਫੈਂਸ ਹਾਊਸਿੰਗ ਏਰੀਆ, ਕਰਾਚੀ ਅਤੇ ਦੂਸਰੇ ਘਰ ਦਾ ਪਤਾ ਡੀ-13, ਬਲਾਕ-4, ਕਲਿਫਟਨ, ਕਰਾਚੀ ਹੈ। ਦਾਊਦ ਦਾ ਭਰਾ ਅਨੀਸ ਇਬਰਾਹੀਮ ਅਤੇ ਉਸ ਦਾ ਖਾਸ ਆਦਮੀ ਛੋਟਾ ਸ਼ਕੀਲ ਵੀ ਡਿਫੈਂਸ ਹਾਊਸਿੰਗ ਏਰੀਆ 'ਚ ਹੀ ਰਹਿੰਦੇ ਹਨ। ਅਧਿਕਾਰੀਆਂ ਨੇ ਲਕੜਾਵਾਲਾ ਦੀ ਗ੍ਰਿਫ਼ਤਾਰੀ ਨੂੰ ਬਹੁਤ ਵੱਡੀ ਪ੍ਰਾਪਤੀ ਦੱਸਿਆ ਹੈ। ਉਸ ਦੇ ਕੋਲ ਦਾਊਦ ਦੇ ਭਾਰਤੀ ਨਕਲੀ ਕਰੰਸੀ ਦੇ ਕਾਰੋਬਾਰ ਦੇ ਬਾਰੇ ਅਹਿਮ ਜਾਣਕਾਰੀਆਂ ਹਨ। ਮੁੰਬਈ ਪੁਲਸ ਦੇ ਅਧਿਕਾਰੀਆਂ ਮੁਤਾਬਕ ਇਜਾਜ਼ ਲਕੜਾਵਾਲਾ ਕਦੇ ਦਾਊਦ ਗਿਰੋਹ ਦਾ ਮੈਂਬਰ ਸੀ ਅਤੇ ਡਰੱਗ ਤਸਕਰੀ ਸਮੇਤ ਸਭ ਗੈਰ ਕਾਨੂੰਨੀ ਸਰਗਰਮੀਆਂ ਦੇਖਦਾ ਸੀ, ਪਰ 1993 ਵਿੱਚ ਮੁੰਬਈ ਧਮਾਕਿਆਂ ਦੇ ਬਾਅਦ ਉਹ ਛੋਟਾ ਰਾਜਨ ਦੇ ਨਾਲ ਦਾਊਦ ਗਿਰੋਹ ਤੋਂ ਵੱਖ ਹੋ ਗਿਆ ਸੀ। ਬਾਅਦ ਵਿੱਚ ਪੈਸੇ ਦੀ ਵੰਡ ਤੋਂ ਛੋਟਾ ਰਾਜਨ ਨਾਲ ਮਤਭੇਦ ਹੋਣ ਤੋਂ ਬਾਅਦ ਉਸਨੇ ਆਪਣਾ ਵੱਖਰਾ ਗੈਂਗ ਬਣਾ ਲਿਆ ਅਤੇ ਨੀਦਰਲੈਂਡ ਵਿੱਚੋਂ ਡਰੱਗ ਤਸਕਰੀ ਆਦਿ ਦਾ ਕਾਰੋਬਾਰ ਚਲਾ ਰਿਹਾ ਸੀ। ਲਕੜਾਵਾਲਾ ਨੇ ਦੱਸਿਆ ਕਿ ਦਾਊਦ ਦੀ ਥਾਈਲੈਂਡ ਤੇ ਬੰਗਲਾਦੇਸ਼ 'ਚ ਚੰਗੀ ਪਕੜ ਹੈ ਤੇ ਉਹ ਇਨ੍ਹਾਂ ਦੋਵਾਂ ਦੇਸ਼ਾਂ ਦੇ ਜ਼ਰੀਏ ਭਾਰਤ, ਯੂਰਪ ਤੇ ਹੋਰ ਦੇਸ਼ਾਂ 'ਚ ਡਰੱਗ ਭੇਜਦਾ ਹੈ। ਉਸਨੇ ਇਹ ਵੀ ਕਿਹਾ ਸੀ ਕਿ ਛੋਟਾ ਰਾਜਨ ਨੇ ਕਰਾਚੀ 'ਚ ਦਾਊਦ ਇਬਰਾਹੀਮ ਨੂੰ ਮਾਰਨ ਦੀ ਯੋਜਨਾ ਬਣਾਈ ਸੀ। ਦਾਊਦ ਆਪਣੀ ਬੇਟੀ ਦੇ ਜਨਾਜ਼ੇ 'ਚ ਆਉਣ ਵਾਲਾ ਸੀ। ਰਾਜਨ ਦਾ ਸ਼ਾਰਪ ਸ਼ੂਟਰ ਵਿੱਕੀ ਮਲਹੋਤਰਾ ਉਸ ਨੂੰ ਮਾਰਨ ਗਿਆ ਸੀ, ਪਰ ਦਾਊਦ ਜਨਾਜ਼ੇ 'ਚ ਆਇਆ ਹੀ ਨਹੀਂ। ਇਸ ਦੌਰਾਨ ਖ਼ੁਫ਼ੀਆ ਏਜੰਸੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਦਾਊਦ ਲਕੜਾਵਾਲਾ ਨੂੰ ਮਰਵਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਦਾਊਦ ਦਾ ਗਿਰੋਹ ਜਿਸਨੂੰ ਡੀ ਕੰਪਨੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਲਕੜਾਵਾਲਾ ਦੇ ਜੇਲ੍ਹ ਜਾਣ ਦੇ ਬਾਅਦ ਉਸਦੀ ਜੇਲ੍ਹ 'ਚ ਹੱਤਿਆ ਕਰਨ ਦੀ ਸਾਜ਼ਿਸ਼ ਰਚ ਰਹੀ ਹੈ।

# ਇੰਦਰਾ ਗਾਂਧੀ ਬਾਰੇ ਬਿਆਨ ਦੀ ਸ਼ਿਵ ਸੈਨਾ ਨੇਤਾ ਸੰਜੇ ਰਾਊਤ ਨੇ ਸਫਾਈ ਦਿੱਤੀ

ਮੁੰਬਈ, 16 ਜਨਵਰੀ (ਪੋਸਟ ਬਿਊਰੋ)- ਸ਼ਿਵ ਸੈਨਾ ਨੇਤਾ ਸੰਜੇ ਰਾਊਤ ਨੇ ਇੱਕ ਬਿਆਨ ਦਿੱਤਾ ਸੀ ਕਿ ਭਾਰਤ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਕਸਰ ਅੰਡਰਵਰਲਡ ਡਾਨ ਕਰੀਮ ਲਾਲਾ ਨੂੰ ਮਿਲਣ ਮੁੰਬਈ ਆਇਆ ਕਰਦੇ ਸਨ। ਉਨ੍ਹਾਂ ਦੇ ਇਸ ਬਿਆਨ ਦੇ ਨਾਲ ਇੱਕ ਵਿਵਾਦ ਖੜ੍ਹਾ ਹੋ ਗਿਆ ਸੀ। ਭਾਰਤ ਦੀ ਸਿਆਸਤ ਅੰਦਰ ਮਚੇ ਘਮਸਾਨ ਬਾਰੇ ਸੰਜੇ ਰਾਊਤ ਨੇ ਆਪਣੀ ਸਫ਼ਾਈ ਪੇਸ਼ ਕੀਤੀ ਹੈ।



ਇਸ ਮੌਕੇ ਸੰਜੇ ਰਾਊਤ ਨੇ ਕਿਹਾ ਕਿ ਬਹੁਤ ਸਾਰੇ ਸਿਆਸੀ ਆਗੂ ਅਕਸਰ ਮੁੰਬਈ ਵਿਚਲੇ ਉਦੋਂ ਦੇ ਡਾਨ ਕਰੀਮ ਲਾਲਾ ਨੂੰ ਮਿਲਣ ਆਉਂਦੇ ਰਹਿੰਦੇ ਸਨ। ਉਨ੍ਹਾਂ ਨੇ ਅੱਜ ਵਿਵਾਦ ਨੂੰ ਖ਼ਤਮ ਕਰਨ ਲਈ ਇਹ ਸਪੱਸ਼ਟ ਕੀਤਾ ਕਿ ਕਰੀਮ ਲਾਲਾ ਅਫ਼ਗਾਨਿਸਤਾਨ ਤੋਂ ਆਇਆ ਸੀ ਅਤੇ ਭਾਰਤ ਵਿਚ ਪਠਾਣ ਭਾਈਚਾਰੇ ਦੀ ਨੁਮਾਇੰਦਗੀ ਕਰਦਾ ਸੀ, ਇਸੇ ਲਈ ਲੀਡਰ ਅਕਸਰ ਉਸ ਨੂੰ ਮਿਲਣ ਆਉਂਦੇ ਰਹਿੰਦੇ ਸਨ। ਰਾਊਤ ਨੇ ਟਵੀਟ ਕਰ ਕੇ ਇਹ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਕਰੀਮ ਲਾਲਾ ਨੇ ਆਪਣੀ ਜਥੇਬੰਦੀ 'ਪਖ਼ਤੂਨ-ਏ-ਹਿੰਦ' ਵੀ ਬਣਾਈ ਹੋਈ ਸੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਮੁੰਬਈ ਦਾ ਇਤਿਹਾਸ ਪਤਾ ਨਹੀਂ, ਉਹ ਲੋਕ ਉਨ੍ਹਾਂ ਦੇ ਬਿਆਨ ਨੂੰ ਤਰੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਸੰਜੇ ਰਾਊਤ ਨੇ ਕਿਹਾ ਕਿ ਉਹ ਇੰਦਰਾ ਗਾਂਧੀ ਦੀ ਸ਼ਲਾਘਾ ਕਰਨੋਂ ਕਦੇ ਵੀ ਝਿਜਕੇ ਨਹੀਂ। ਉਹ ਲੋਹ-ਇਸਤਰੀ (ਆਇਰਨ-ਲੇਡੀ) ਸਨ, ਜਿਨ੍ਹਾਂ ਨੇ ਬਹੁਤ ਸਾਰੇ ਸਖ਼ਤ ਫ਼ੈਸਲੇ ਲਏ ਸਨ। ਸ਼ਿਵ ਸੈਨਾ ਆਗੂ ਸੰਜੇ ਨੇ ਕਿਹਾ ਕਿ ਉਹ ਭਾਵੇਂ ਵਿਰੋਧੀ ਧਿਰ ਵਿੱਚ ਸਨ, ਪਰ ਇੰਦਰਾ ਗਾਂਧੀ, ਪੰਡਿਤ ਨਹਿਰੂ, ਰਾਜੀਵ ਗਾਂਧੀ ਅਤੇ ਗਾਂਧੀ ਪਰਿਵਾਰ ਪ੍ਰਤੀ ਸਦਾ ਆਦਰ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਕਦੇ ਲੋਕਾਂ ਨੇ ਇੰਦਰਾ ਗਾਂਧੀ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਨ੍ਹਾਂ ਨਾਲ ਖੜ੍ਹੇ ਹੋਏ ਸਨ। ਰਾਊਤ ਨੇ ਕਿਹਾ ਕਿ ਕੋਈ ਸਮਾਂ ਹੁੰਦਾ ਸੀ, ਜਦੋਂ ਦਾਊਦ ਇਬਰਾਹਿਮ, ਛੋਟਾ ਸ਼ਕੀਲ ਅਤੇ ਸ਼ਰਦ ਸ਼ੈੱਟੀ ਵਰਗੇ ਗੈਂਗਸਟਰ ਇਹ ਫ਼ੈਸਲਾ ਕਰਦੇ ਹੁੰਦੇ ਸਨ ਕਿ ਮੁੰਬਈ ਦਾ ਅਗਲਾ ਪੁਲਸ ਕਮਿਸ਼ਨਰ ਕੌਣ ਹੋਵੇਗਾ ਤੇ ਮਹਾਰਾਸ਼ਟਰ ਦਾ ਮੰਤਰੀ ਕੌਣ ਬਣੇਗਾ। ਉਸ ਸਮੇਂ ਇੰਦਰਾ ਗਾਂਧੀ ਵੀ ਅਕਸਰ ਕਰੀਮ ਲਾਲਾ ਨੂੰ ਮਿਲਦੇ ਹੁੰਦੇ ਸਨ।

# ਕਾਂਗਰਸ ਨੇਤਾ ਰੰਜਨ ਚੋਧਰੀ ਨੇ ਕਿਹਾ ਹਾਂ, ਮੈਂ ਪਾਕਿਸਤਾਨੀ ਹਾਂ, ਤੁਸੀਂ ਜੋ ਕਰ ਸਕਦੇ ਹੋ, ਕਰ ਲਵੋ

ਕੋਲਕਾਤਾ, 16 ਜਨਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਵਾਲੇ ਮੁੱਦੇ ਉੱਤੇ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਿਚਾਲੇ ਜ਼ੁਬਾਨੀ ਜੰਗ ਜਾਰੀ ਹੈ। ਲੋਕ ਸਭਾ ਵਿੱਚ ਕਾਂਗਰਸ ਦੇ ਨੇਤਾ ਅਧੀਰ ਰੰਜਨ ਚੌਧਰੀ ਵਲੋਂ ਬੀਤੇ ਦਿਨੀਂ ਦਿੱਤੇ ਗਏ ਬਿਆਨ ਦੇ ਨਾਲ ਇਹ ਟਕਰਾਅ ਕੁਝ ਹੋਰ ਵਧ ਗਿਆ ਲੱਗਦਾ ਹੈ।



ਮੋਦੀ ਸਰਕਾਰ ਉੱਤੇ ਸਿੱਧਾ ਨਿਸ਼ਾਨਾ ਸਾਧਦੇ ਹੋਏ ਅਧੀਰ ਰੰਜਨ ਨੇ ਆਖਿਆ ਕਿ ਭਾਜਪਾ ਵਾਲੇ ਉਸ ਦੀ ਪਛਾਣ ਪਾਕਿਸਤਾਨੀ ਦੇ ਤੌਰ ਉੱਤੇ ਕਰਵਾਉਂਦੇ ਹਨ, ਅੱਜ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਾਂ, ਮੈਂ ਪਾਕਿਸਤਾਨੀ ਹਾਂ ਤੁਸੀਂ (ਮੋਦੀ-ਸ਼ਾਹ) ਜੋ ਕਰਨਾ ਚਾਹੁੰਦੇ ਹੋ, ਕਰ ਸਕਦੇ ਹੋ। ਅੱਜ ਸਾਡੇ ਦੇਸ਼ ਵਿੱਚ ਕੋਈ ਸਹੀ ਗੱਲ ਨਹੀਂ ਕਹਿ ਸਕਦਾ, ਕਿਉਂਕਿ ਜੇ ਤੁਸੀਂ ਸੱਚ ਕਹਿੰਦੇ ਹੋ ਤਾਂ ਤੁਹਾਨੂੰ ਦੇਸ਼ ਧ੍ਰੋਹੀ ਕਿਹਾ ਜਾਂਦਾ ਹੈ।' ਅਧੀਰ ਰੰਜਨ ਨੇ ਕਿਹਾ, 'ਅੱਜ ਅਸੀਂ ਕਿੱਥੇ ਰਹਿ ਰਹੇ ਹਾਂ? ਸਾਨੂੰ ਉਹੀ ਕਰਨ ਨੂੰ ਕਿਹਾ ਜਾਂਦਾ ਹੈ, ਜੋ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਕਹਿੰਦੇ ਹਨ। ਸਾਨੂੰ ਇਹ ਸਵੀਕਾਰ ਨਹੀਂ। ਇਹ ਦੇਸ਼ ਨਰਿੰਦਰ ਮੋਦੀ, ਅਮਿਤ ਸ਼ਾਹ ਦੇ ਬਾਪ ਦਾ ਨਹੀਂ। ਹਿੰਦੁਸਤਾਨ ਕਿਸੇ ਦੇ ਬਾਪ ਦੀ ਜਾਇਦਾਦ ਨਹੀਂ ਹੈ। ਉਨ੍ਹਾਂ ਦੋਵਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ, ਉਹ ਅੱਜ ਹਨ, ਕੱਲ੍ਹ ਨਹੀਂ ਹੋਣਗੇ।'


ਵਰਨਣ ਯੋਗ ਹੈ ਕਿ ਅਧੀਰ ਰੰਜਨ ਚੌਧਰੀ ਦੇ ਇਸ ਤੋਂ ਪਹਿਲਾਂ ਵੀ ਇਕ ਬਿਆਨ ਉੱਤੇ ਵੀ ਬਖੇੜਾ ਹੋ ਚੁੱਕਾ ਹੈ। ਜੰਮੂ-ਕਸ਼ਮੀਰ ਪੁਲਸ ਦੇ ਡੀ ਐੱਸ ਪੀ ਦੇਵੇਂਦਰ ਸਿੰਘ ਦੇ ਅੱਤਵਾਦੀ ਕਨੈਕਸ਼ਨ ਸਾਹਮਣੇ ਆਉਣ ਪਿੱਛੋਂ ਅਧੀਰ ਰੰਜਨ ਨੇ ਕਿਹਾ ਸੀ ਕਿ ਜੇ ਦਵਿੰਦਰ ਸਿੰਘ, ਦੇਵੇਂਦਰ ਖਾਨ ਹੁੰਦਾ ਤਾਂ ਆਰ ਐੱਸ ਐੱਸ ਦੀ ਟਰੋਲ ਆਰਮੀ ਇਸ ਮਸਲੇ ਨੂੰ ਹਾਲੇ ਤੱਕ ਕਾਫ਼ੀ ਉਛਾਲ ਚੁੱਕੀ ਹੁੰਦੀ। ਅਧੀਰ ਰੰਜਨ ਦੇ ਇਸ ਬਿਆਨ ਉੱਤੇ ਬੜਾ ਵਿਵਾਦ ਹੋਇਆ ਸੀ, ਜਿਸ ਪਿੱਛੋਂ ਕਾਂਗਰਸ ਨੇ ਖੁਦ ਨੂੰ ਇਸ ਬਿਆਨ ਤੋਂ ਵੱਖ ਕਰ ਲਿਆ ਸੀ। ਇਸ ਤੋਂ ਪਹਿਲਾਂ ਵੀ ਅਧੀਰ ਰੰਜਨ ਚੌਧਰੀ ਦੇ ਕਈ ਬਿਆਨ ਬਖੇੜੇ ਦਾ ਕਾਰਨ ਬਣ ਚੁਕੇ ਹਨ, ਜਿਵੇਂ ਉਨ੍ਹਾਂ ਨੇ ਲੋਕ ਸਭਾ ਵਿੱਚ ਜੰਮੂ-ਕਸ਼ਮੀਰ ਦੇ ਮਸਲੇ ਨੂੰ ਕੌਮਾਂਤਰੀ ਦੱਸਿਆ ਸੀ। ਭਾਜਪਾ ਨੇ ਇਸ ਮੁੱਦੇ ਉੱਤੇ ਹੰਗਾਮਾ ਕੀਤਾ ਸੀ। ਇਸ ਤੋਂ ਇਲਾਵਾ ਅਧੀਰ ਰੰਜਨ ਇਕ ਬਿਆਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ ਨੂੰ ਘੁਸਪੈਠੀਆ ਵੀ ਕਹਿ ਚੁਕੇ ਹਨ।

# ਨੌਜਵਾਨ ਨੂੰ ਬਿਨਾ ਕਾਰਨ ਇਨਕਮ ਟੈਕਸ ਵਿਭਾਗ ਵੱਲੋਂ 3 ਕਰੋੜ 49 ਲੱਖ ਦਾ ਨੋਟਿਸ

ਭਿੰਡ, 16 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭਿੰਡ ਜ਼ਿਲੇ ਦੇ ਵਸਨੀਕ ਇਕ ਨੌਜਵਾਨ ਨੂੰ ਆਮਦਨ ਟੈਕਸ ਵਿਭਾਗ ਨੇ ਤਿੰਨ ਕਰੋੜ 49 ਲੱਖ ਰੁਪਏ ਦਾ ਨੋਟਿਸ ਭੇਜਿਆ ਹੈ।

ਇਸ ਨੌਜਵਾਨ ਦਾ ਨਾਂ ਰਵੀ ਗੁਪਤਾ ਹੈ, ਜੋ ਨਿੱਜੀ ਕੰਪਨੀ ਵਿੱਚ 6 ਹਜ਼ਾਰ ਰੁਪਏ ਦੀ ਤਨਖਾਹ ਉੱਤੇ ਕੰਮ ਕਰਦਾ ਹੈ। ਉਸ ਦਾ ਕਹਿਣਾ ਹੈ ਕਿ 30 ਮਾਰਚ 2019 ਨੂੰ ਉਸ ਨੂੰ ਆਮਦਨ ਟੈਕਸ ਵਿਭਾਗ ਦਾ ਤਿੰਨ ਕਰੋੜ 49 ਲੱਖ ਰੁਪਏ ਦਾ ਨੋਟਿਸ ਆਇਆ ਸੀ। ਆਮਦਨ ਟੈਕਸ ਵਿਭਾਗ ਨੇ ਰਵੀ ਗੁਪਤਾ ਨੂੰ ਇਹ ਰਕਮ 17 ਜਨਵਰੀ ਤੱਕ ਜਮ੍ਹਾ ਕਰਾਉਣ ਨੂੰ ਕਿਹਾ ਸੀ। ਉਸ ਨੇ ਕਿਹਾ ਕਿ ਉਸ ਨੂੰ ਸਮਝ ਨਹੀਂ ਆਇਆ ਕਿ ਉਸ ਦੀ ਮਹੀਨਾ ਆਮਦਨ 6 ਹਜ਼ਾਰ ਰੁਪਏ ਹੈ ਤੇ ਉਸ ਨੇ ਕੀ ਕਰ ਦਿੱਤਾ ਹੈ ਕਿ ਆਮਦਨ ਟੈਕਸ ਵਿਭਾਗ ਨੇ 3 ਕਰੋੜ 49 ਲੱਖ ਦਾ ਨੋਟਿਸ ਭੇਜਿਆ ਹੈ।

ਜਦੋਂ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਆਮਦਨ ਟੈਕਸ ਵਿਭਾਗ ਨੇ ਉਸ ਨੂੰ ਇਹ ਨੋਟਿਸ ਗੈਰ-ਕਾਨੂੰਨੀ ਬੈਂਕਿੰਗ ਟਰਾਂਜੈਕਸ਼ਨ ਬਾਰੇ ਭੇਜਿਆ ਹੈ। ਅਸਲ ਵਿੱਚ ਮੁੰਬਈ ਵਿੱਚ ਰਵੀ ਦੇ ਨਾਂ ਤੇ ਪਤੇ ਉੱਤੇ ਐਕਸਿਸ ਬੈਂਕ ਵਿੱਚ ਇਕ ਫਰਜ਼ੀ ਖਾਤਾ ਖੋਲ੍ਹਿਆ ਗਿਆ ਸੀ। ਵਿਭਾਗ ਅਨੁਸਾਰ ਇਸ ਖਾਤੇ ਤੋਂ ਸਾਲ 2011 ਵਿੱਚ 132 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਗਿਆ ਸੀ। ਵਿਭਾਗ ਦਾ ਨੋਟਿਸ




ਆਉਣ ਪਿੱਛੋਂ ਰਵੀ ਨੇ ਸਥਾਨਕ ਦਫ਼ਤਰ ਨਾਲ ਸੰਪਰਕ ਕੀਤਾ ਤਾਂ ਕਿਸੇ ਨੇ ਉਸ ਦੀ ਗੱਲ ਨਹੀਂ ਸੁਣੀ। ਉਸ ਨੇ ਆਮਦਨ ਟੈਕਸ ਵਿਭਾਗ ਨੂੰ ਦੱਸਿਆ ਕਿ ਇਹ ਬੈਂਕ ਖਾਤਾ ਉਸ ਦਾ ਨਹੀਂ। ਰਵੀ ਨੇ ਆਮਦਨ ਟੈਕਸ ਅਧਿਕਾਰੀਆਂ ਨੂੰ ਆਪਣੀ ਤਨਖਾਹ ਦੱਸੀ ਤੇ ਹੋਰ ਜਾਣਕਾਰੀਆਂ ਵੀ ਦਿੱਤੀਆਂ, ਪਰ ਅਧਿਕਾਰੀ ਕੁਝ ਸੁਣਨ ਨੂੰ ਤਿਆਰ ਨਹੀਂ ਸਨ। ਉਸ ਨੂੰ ਲਗਾਤਾਰ ਨੋਟਿਸ ਭੇਜਿਆ ਜਾਂਦਾ ਰਿਹਾ ਹੈ।

ਇਸ ਬਾਰੇ ਰਵੀ ਨੇ ਦੱਸਿਆ ਕਿ ਬੈਂਕ ਵਿੱਚ ਜਿਸ ਪਤੇ ਦਾ ਖਾਤਾ ਖੋਲ੍ਹਿਆ ਗਿਆ, ਉਹ ਟੀਆ ਟਰੇਡਰਜ਼ 7/ਏ, ਜੀ ਆਰ ਡੀ ਧਨ ਮੈਂਸ਼ਨ, ਗਜਧਰ ਰੋਡ, ਸੀ ਵਾਰਡ, ਐੱਸ ਐੱਸ ਰੋਡ, ਮੁੰਬਈ, ਮਹਾਰਾਸ਼ਟਰ ਹੈ। ਉਸ ਦਾ ਅਸਲ ਪਤਾ ਗੱਲਾ ਮੰਡੀ, ਮਿਹੋਣਾ (ਭਿੰਡ) ਅਤੇ ਮੌਜੂਦਾ ਰਿਹਾਇਸ਼ ਭਗਵਾਨ ਨਗਰ, ਢੋਲੇਵਾਲ, ਲੁਧਿਆਣਾ ਹੈ। ਉਹ ਲੁਧਿਆਣਾ ਵਿੱਚ ਨੌਕਰੀ ਕਰਦਾ ਹੈ। ਆਮਦਨ ਟੈਕਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਮੁੰਬਈ ਜਾ ਕੇ ਇਸ ਦੀ ਸ਼ਿਕਾਇਤ ਕਰੇ।

# ਗੁਜਰਾਤ ਦੀ ਕੁੜੀ ਨੇ 6 ਫੁੱਟ ਤੋਂ ਵਾਲ ਵਧਾ ਕੇ ਆਪਣਾ ਵਰਲਡ ਰਿਕਾਰਡ ਤੋੜਿਆ

ਅਰਾਵਲੀ, 16 ਜਨਵਰੀ (ਪੋਸਟ ਬਿਊਰੋ)- ਸਭ ਤੋਂ ਲੰਬੇ ਵਾਲਾਂ ਵਾਲੀ ਨਿਲਾਂਸ਼ੀ ਪਟੇਲ ਇਕ ਵਾਰ ਫਿਰ ਚਰਚਾ ਵਿੱਚ ਹੈ। 2018 ਵਿੱਚ ਆਪਣੇ ਲੰਬੇ ਵਾਲਾਂ ਲਈ ਗਿਨੀਜ਼ ਵਰਲਡ ਰਿਕਾਰਡ ਬਣਾ ਚੁੱਕੀ ਨਿਲਾਂਸ਼ੀ ਨੇ ਇਸ ਵਾਰ ਆਪਣਾ ਹੀ ਰਿਕਾਰਡ ਤੋੜ ਦਿੱਤਾ ਹੈ। ਗੁਜਰਾਤ ਦ ਅਰਾਵਲੀ ਦੀ ਵਸਨੀਕ ਨਿਲਾਂਸ਼ੀ ਦੇ ਵਾਲ ਅੱਜ ਕੱਲ੍ਹ 6 ਫੁੱਟ ਤੋਂ ਲੰਬੇ ਹਨ। 16 ਸਾਲ ਦੀ ਉਮਰ ਵਿੱਚ ਗਿਨੀਜ਼ ਵਰਲਡ ਰਿਕਾਰਡ ਬੁੱਕ ਵਿੱਚ ਨਾਂ ਦਰਜ ਕਰਾ ਚੁੱਕੀ ਨਿਲਾਂਸ਼ੀ 17 ਸਾਲ ਦੀ ਹੈ।



2018 ਵਿੱਚ ਗਿਨੀਜ਼ ਵਰਲਡ ਰਿਕ-ਾਰਡ ਬੁੱਕ ਵਿੱਚ ਨਿਲਾਂਸ਼ੀ ਪਟੇਲ ਦਾ ਨਾਂ ਸਭ ਤੋਂ ਲੰਬੇ ਵਾਲਾਂ ਵਾਲੀ ਟੀਨੇਜਰ ਦੇ ਰੂਪ ਵਿੱਚ ਦਰਜ ਕੀਤਾ ਗਿਆ ਸੀ। ਓਦੋਂ ਨਿਲਾਂਸ਼ੀ ਦੇ ਵਾਲ 170.5 ਸੈਂਟੀਮੀਟਰ ਸਨ। ਅੱਜ ਕੱਲ੍ਹ ਉਸ ਦੇ ਵਾਲ 190 ਸੈਂਟੀਮੀਟਰ (6.23 ਫੁੱਟ) ਹਨ। ਨਿਲਾਂਸ਼ੀ ਦੱਸਦੀ ਹੈ, 'ਜਦੋਂ ਮੈਂ 6 ਸਾਲ ਦੀ ਸੀ ਤਾਂ ਇਕ ਬਿਊਟੀਸ਼ਨ ਨੇ ਵਾਲ ਬਹੁਤ ਛੋਟੇ ਕੱਟ ਦਿੱਤੇ ਸਨ। ਇਸ ਦੇ ਬਾਅਦ ਮੈਂ ਕਦੇ ਵਾਲ ਨਹੀਂ ਕਟਵਾਏ ਅਤੇ ਮੇਰੇ ਪਰਿਵਾਰ ਨੇ ਵੀ ਕੁਝ ਸਮੇਂ ਬਾਅਦ ਮੇਰਾ ਫੈਸਲਾ ਮੰਨ ਲਿਆ। ਅੱਜਕੱਲ੍ਹ ਮੈਂ ਇਸ ਨੂੰ ਲਕੀ ਚਾਰਮ ਮੰਨਦੀ ਹਾਂ।' ਉਹ ਕਹਿੰਦੀ ਹੈ, 'ਮੈਂ ਜਿੱਥੇ ਜਾਂਦੀ ਹੈ, ਲੋਕ ਮੇਰੇ ਨਾਲ ਸੈਲਫੀ ਕਲਿੱਕ ਕਰਨਾ ਚਾਹੁੰਦੇ ਹਨ। ਮੈਨੂੰ ਸੈਲੀਬ੍ਰਿਟੀ ਵਾਂਗ ਫੀਲਿੰਗ ਹੁੰਦੀ ਹੈ।' ਦੋਬਾਰਾ ਗਿਨੀਜ਼ ਵਰਲਡ ਰਿਕਾਰਡ ਬਣਾਉਣ ਵਾਲੀ ਨਿਲਾਂਸ਼ੀ ਨੇ ਟੀਨੇਜਰ ਕੈਟੇਗਰੀ ਵਿੱਚ ਆਪਣਾ ਹੀ ਰਿਕ-ਾਰਡ ਤੋੜ ਦਿੱਤਾ ਹੈ। ਉਸ ਦੀ ਮਾਂ ਕਹਿੰਦੀ ਹੈ ਕਿ ਇਨ੍ਹਾਂ ਵਾਲਾਂ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਸ ਦੇ ਵਾਲਾਂ ਲਈ ਜ਼ਿਆਦਾ ਕਾਸਮੈਟਿਕ ਦੀ ਵਰਤੋਂ ਨਹੀਂ ਕੀਤੀ ਜਾਂਦੀ। ਵਾਲਾਂ ਨੂੰ ਬਚਾਉਣ ਲਈ ਹਫ਼ਤੇ ਵਿੱਚ ਸਿਰਫ਼ ਇਕ ਵਾਰ ਵਾਲ ਧੋਂਦੀ ਹੈ ਅਤੇ ਚੰਗੀ ਤਰ੍ਹਾਂ ਤੇਲ ਲਾਉਂਦੀ ਹੈ।

# ਕਮਸ਼ੀਰ ਉੱਤੇ ਲਿਖੇ ਨਾਵਲ ਦੇ ਲਈ ਮਾਧੁਰੀ ਵਿਜੈ ਨੂੰ 'ਕ੍ਰਾਸਵਰਡ ਬੁੱਕ ਐਵਾਰਡ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਲੇਖਿਕਾ ਮਾਧੁਰੀ ਵਿਜੈ ਨੇ ਕਮਸ਼ੀਰ ਬਾਰੇ ਲਿਖੇ ਆਪਣੇ ਪਹਿਲੇ ਨਾਵਲ ਦੇ ਲਈ ਵੱਕਾਰ ਵਾਲਾ'ਕ੍ਰਾਸਵਰਡ ਬੁੱਕ ਐਵਾਰਡ' ਜਿੱਤਿਆ ਹੈ ਅਤੇ ਇਸ ਦੇ ਨਾਲ ਇਸ ਐਵਾਰਡ ਨੂੰ ਲੈਣ ਵਾਲੇ ਵੱਡੇ ਭਾਰਤੀ ਲੇਖਕਾਂ ਸਲਮਾਨ ਰਸ਼ਦੀ, ਵਿਕਰਮ ਸੇਠ ਅਤੇ ਕਿਰਨ ਦੇਸਾਈ ਦੀ ਗਰੁੱਪ ਵਿੱਚ ਸ਼ਾਮਲ ਹੋ ਗਈ ਹੈ।

ਜੱਜ ਮੰਡਲ ਸ਼੍ਰੇਣੀ ਵਿੱਚ ਇਹ ਸਤਿਕਾਰਤ ਐਵਾਰਡ ਅਜਿਹਾ ਤੀਸਰਾ ਪ੍ਰਮੁਖ ਸਾਹਿਤਕ ਐਵਾਰਡ ਹੈ ਜਿਸ ਨੂੰ ਬੈਂਗਲੂਰੂ ਵਿੱਚ ਜਨਮੀ ਅਮਰੀਕਾ ਵਿੱਚ ਰਹਿੰਦੀ ਲੇਖਿਕਾ ਨੇ ਪਿਛਲੇ ਸਾਲ ਆਈ ਆਪਣੀ ਕਿਤਾਬ 'ਦ ਫਾਰ ਫੀਲਡ' ਦੇ ਲਈ ਜਿੱਤਿਆ ਹੈ। ਪਿਛਲੇ ਸਾਲ ਨਵੰਬਰ ਵਿੱਚ 32 ਸਾਲਾ ਲੇਖਿਕਾ ਨੇ ਭਾਰਤ ਦਾ ਇੱਕਸਤਿਕਾਰਤ ਐਵਾਰਡ 'ਜੇ ਸੀ ਬੀ ਪ੍ਰਾਈਜ ਫਾਰ ਲਿਟਰੇਚਰ' ਜਿੱਤਿਆ ਸੀ। ਇਨਾਮ ਵਜੋਂ ਉਨ੍ਹਾਂ ਨੂੰ 25 ਲੱਖ ਰੁਪਏ ਨਕਦ ਮਿਲੇ ਸਨ। ਇਸ ਦੇ ਇਲਾਵਾ ਉਨ੍ਹਾਂ ਨੂੰ 'ਟਾਟਾ ਲਿਟਰੇਚਰ ਲਾਈਵ ਫਸਟ ਬੁੱਕ' ਐਵਾਰਡ ਨਾਲ ਵੀ ਨਵਾ-ਜਆ ਗਿਆ ਸੀ।



# ਦੁਨੀਆ ਦੇ ਲਈ ਪੰਜ ਵੱਡੇ ਸੰਕਟ ਵਾਤਾਵਰਨ ਨਾਲ ਜੁੜੇ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਦੁਨੀਆ ਸਾਹਮਣੇ ਪੰਜ ਸਭ ਤੋਂ ਵੱਡੇ ਲੰਮੇ ਸਮੇਂ ਦੇ ਸੰਕਟ ਵਾਤਾਵਰਨ ਨਾਲ ਜੁੜੇ ਹੋਣ ਦੀ ਗੱਲ ਦਾਵੋਸ (ਸਵਿਟਜਰਲੈਂਡ) ਦੇ ਗ਼ੈਰ-ਸਰਕਾਰੀ ਸੰਗਠਨ ਵਿਸ਼ਵ ਆਰਥਿਕ ਮੰਚ (ਡਬਲਊ ਈ ਐਫ) ਦੇ ਸਰਵੇ 'ਤੇ ਆਧਾਰਿਤ ਵੈਸ਼ਿਵਕ ਜੋਖਿਮ ਰਿਪੋਰਟ ਵਿੱਚ ਸਾਹਮਣੇ ਆਈ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਕਿ 2020 ਵਿੱਚ ਫੌਰੀ ਸੰਕਟ ਆਰਥਿਕ ਅਤੇ ਰਾਜਨੀਤਿਕ ਧਰੁਵੀਕਰਨ ਦੇ ਵੱਧਣ ਦਾ ਹੈ। ਅੰਗਰੇਜ਼ੀ ਵਿੱਚ ਗਲੋਬਲ ਰਿਸਕਸ ਰਿਪੋਰਟ ਆਫ ਦ ਵਰਲ਼ਡ ਇਕੋਨਾਮਿਕ ਫੋਰਸ (ਡਬਲਊ ਈ ਐਫ) ਵਿੱਚ ਕਿਹਾ ਗਿਆ ਕਿ ਇੱਕ ਅਜਿਹੇ ਸਮੇਂ, ਜਦ ਸਾਂਝੇ ਸੰਕਟਾਂ ਨੂੰ ਨਿਪਟਾਉਣ ਲਈ ਕੰਪਨੀਆਂ ਅਤੇ ਸਰਕਾਰਾਂ ਦਾ ਮਿਲ ਕੇ ਕੰਮ ਕਰਨਾ ਜ਼ਰੂਰੀ ਹੈ, ਅਸੀਂ ਅਜਿਹੀ ਅਸਿਥਰ ਦੁਨੀਆ ਵੱਲ ਵਧ ਰਹੇ ਹਨ ਜਿੱਥੇ ਰਾਜਨੀਤਿਕ ਅਸ਼ਾਂਤੀ ਦੇ ਕਾਰਨ ਵੱਡੀਆਂ ਸ਼ਕਤੀਆਂ ਵਿੱਚ ਮਨਮਾਨੇ ਢੰਗ ਨਾਲ ਵਿਰੋਧਤਾ ਹੋ ਰਹੀ ਹੈ। ਇਹ ਰਿਪੋਰਟ 10 ਸਾਲ ਤੋਂ ਆ ਰਹੀ ਹੈ।

# ਗੁਰਬਾਣੀ ਪ੍ਰਸਾਰਨ ਉਤੇ ਤਿੰਨ ਲੱਖ ਰੁਪਏ ਮਹੀਨਾ ਖਰਚਦੀ ਪਈ ਹੈ ਪਟਨਾ ਸਾਹਿਬ ਕਮੇਟੀ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਦਲ ਪਰਵਾਰ ਦੀ ਮਾਲਕੀ ਵਾਲੇ ਪੀ ਟੀ ਸੀ ਨਿਊਜ਼ ਚੈਨਲ ਨੂੰ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ 'ਲਾਈਵ' ਦੇ ਦਿੱਤੇ ਅਧਿਕਾਰਾਂ ਤੋਂ ਇਲਾਵਾ ਹੋਰ ਗੁਰਧਾਮਾਂ ਦੀਆਂ ਕਮੇਟੀਆਂ ਨੇ ਵੀ ਕੁਝ ਚੈਨਲਾਂ ਨੂੰ ਅਧਿਕਾਰ ਦਿੱਤੇ ਹੋਏ ਹਨ।

ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਪਟਿਆਲਾ ਦੇ 'ਚੜ੍ਹਦੀਕਲਾ' ਟੀ ਵੀ ਕੋਲ ਹਨ ਤੇ ਨਾਲ ਹਰ ਮਹੀਨੇ ਕਰੀਬ ਤਿੰਨ ਲੱਖ ਰੁਪਏ ਇਸ ਚੈਨਲ ਨੂੰ ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਜਾਂਦੇ ਹਨ। ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਦੇ ਅਧਿਕਾਰ ਵੀ ਚੜ੍ਹਦੀਕਲਾ ਨੂੰ ਦਿੱਤੇ ਹੋਏ ਹਨ।ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਦੱਸਿਆ ਕਿ ਤਖ਼ਤ



ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਬਦਲੇ ਟੀ ਵੀ ਚੈਨਲ ਨੂੰ ਮਹੀਨੇ ਦੇ ਤਿੰਨ ਲੱਖ ਰੁਪਏ ਦਿੱਤੇ ਜਾਂਦੇ ਹਨ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਟੀ ਵੀ ਚੈਨਲ ਆਮ ਤੌਰ 'ਤੇ ਰੁਪਏ ਪ੍ਰਬੰਧਕ ਕਮੇਟੀਆਂ ਨੂੰ ਦਿੰਦੇ ਹਨ ਤਾਂ ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਵਿਦੇਸ਼ਾਂ ਤੱਕ ਪ੍ਰਸਾਰਨ ਕੀਤਾ ਜਾਂਦਾ ਹੈ। ਏਸੇ ਤਰ੍ਹਾਂ ਸਿੱਧੂ ਦਮਦਮੀ ਦੀ ਅਗਵਾਈ ਹੇਠਲੇ 'ਸਾਡਾ ਚੈਨਲ' ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਗੁਰਬਾਣੀ ਮੁਫ਼ਤ ਪ੍ਰਸਾਰਤ ਕੀਤੀ ਜਾਂਦੀ ਸੀ। ਦਿੱਲੀ ਦੀ ਗੁਰਦੁਆਰਾ ਕਮੇਟੀ ਦੇ ਬੁਲਾਰੇ ਨਾਲ ਜੁੜੇ ਨੈਟਵਰਕ ਉੱਤੇ ਵੀ ਪ੍ਰਸਾਰਨ ਕੀਤਾ ਜਾਂਦਾ ਹੈ ਅਤੇ ਕੈਮਰਾਮੈਨ ਤੇ ਹੋਰ ਅਮਲੇ ਨੂੰ ਉਥੋਂ ਤਨਖ਼ਾਹ ਮਿਲਦੀ ਹੈ। ਅਵਤਾਰ ਸਿੰਘ ਹਿਤ ਨੇ ਪੁਸ਼ਟੀ ਕੀਤੀ ਕਿ ਇਸ ਨੈਟਵਰਕ ਦੇ ਅਮਲੇ ਨੂੰ ਪਟਨਾ ਸਾਹਿਬ ਦੀ ਕਮੇਟੀ ਤੋਂ ਤਨਖ਼ਾਹ ਦਿੱਤੀ ਜਾਂਦੀ ਹੈ ਜੋ ਇੰਟਰਨੈਟ 'ਤੇ ਚੱਲਦਾ ਹੈ। ਵਰਨਣ ਯੋਗ ਹੈ ਕਿ ਦਿੱਲੀ ਕਮੇਟੀ ਤੇ ਪਟਨਾ ਸਾਹਿਬ ਕਮੇਟੀ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ ਹੇਠ ਹੀ ਹਨ।

## ਪੰਜਾਬੀ ਵਿਰੁੱਧ ਪਤਨੀ ਤੇ ਤਿੰਨ ਰਿਸ਼ਤੇਦਾਰਾਂ ਦੇ ਕਤਲ ਲਈ ਕੇਸ ਚੱਲੇਗਾ

ਕੈਲੀਫੋਰਨੀਆ, 16 ਜਨਵਰੀ (ਪੋਸਟ ਬਿਊਰੋ)- ਔਵੈਸਟ ਚੈਸਟਰ, ਓਹੀਓ ਦੇ ਗੁਰਪ੍ਰੀਤ ਸਿੰਘ ਵਿਰੁੱਧ ਆਪਣੀ ਪਤਨੀ ਅਤੇ ਤਿੰਨ ਰਿਸ਼ਤੇਦਾਰਾਂ ਦੀ ਹੱਤਿਆ ਦੇ ਕੇਸ 'ਚ ਦੋਸ਼ ਆਇਦ ਕੀਤੇ ਗਏ ਹਨ। ਜੇ ਉਸ ਵਿਰੁੱਧ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

ਬਟਲਰ ਕਾਉਂਟੀ ਅਦਾਲਤ ਦੇ ਜੱਜ ਗਰੇਗ ਹੌਵਰਡ ਨੇ ਗੁਰਪ੍ਰੀਤ ਸਿੰਘ ਨੂੰ ਦੁਭਾਸ਼ੀਆ ਦੇਣ ਦਾ ਆਦੇਸ਼ ਦਿੱਤਾ ਹੈ। ਸਰਕਾਰੀ ਪੱਖ ਅਨੁਸਾਰ ਪਿਛਲੇ ਸਾਲ 28 ਅਪ੍ਰੈਲ ਨੂੰ ਗੁਰਪ੍ਰੀਤ ਸਿੰਘ (37) ਨੇ ਆਪਣੀ ਪਤਨੀ ਸ਼ੈਲਿੰਦਰਜੀਤ ਕੌਰ, ਸਹੁਰਾ ਹਕੀਕਤ ਸਿੰਘ ਪਨਾਗ, ਸੱਸ ਪਰਮਜੀਤ ਕੌਰ ਅਤੇ ਚਾਚੀ ਅਮਰਜੀਤ ਕੌਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਨ੍ਹਾਂ ਕਤਲਾਂ ਤੋਂ ਬਾਅਦ ਉਸ ਨੇ ਖ਼ੁਦ ਹੀ ਪੁਲਸ ਨੂੰ ਫੋਨ ਕੀਤਾ। ਉਸ ਨੇ ਪੁਲਸ ਨੂੰ ਦੱਸਿਆ ਕਿ ਉਹ ਗਹਿਰੇ ਸਦਮੇ 'ਚ ਹੈ ਅਤੇ ਉਹ ਕੁਝ ਵੀ ਕਹਿ ਸਕਣ ਦੀ ਸਥਿਤੀ 'ਚ ਨਹੀਂ ਹੈ।

## ਫੈਡਰਲ ਜੱਜ ਨੇ ਸ਼ਰਨਾਰਥੀਆਂ ਉੱਤੇ ਰੋਕ ਲਾਉਣ ਵਾਲੇ ਟਰੰਪ ਦੇ ਹੁਕਮ ਉੱਤੇ ਰੋਕ ਲਾਈ



ਸਿਲਵਰ ਸਪ੍ਰਿੰਗ (ਅਮਰੀਕਾ), 16 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿਚ ਇਕ ਫੈਡਰਲ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਹੁਕਮ ਉੱਤੇ ਬੁੱਧਵਾਰ ਨੂੰ ਰੋਕ ਲਾ ਦਿੱਤੀ, ਜਿਸ ਵਿਚ ਸੂਬੇ ਅਤੇ ਸਥਾਨਕ ਅਧਿਕਾਰੀਆਂ ਨੂੰ ਸ਼ਰਨਾਰਥੀਆਂ ਉੱਤੇ ਰੋਕ ਲਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਟਰੰਪ ਦੇ ਇਸ ਹੁਕਮ ਨਾਲ ਭਾਈਚਾਰਿਆਂ ਵਿਚਾਲੇ ਬਹਿਸ ਛਿੜ ਗਈ ਸੀ ਕਿ ਅਮਰੀਕਾ ਨੂੰ ਇਸ ਦਾ ਕਿਵੇਂ ਸਵਾਗਤ ਕਰਨਾ ਚਾਹੀਦਾ ਹੈ।

ਮੈਰੀਲੈਂਡ ਵਿਚ ਯੂ ਐਸ ਡਿਸਟ੍ਰਿਕਟ ਜੱਜ ਪੀਟਰ ਮੈਸਿਟੇ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਰਾਜਾਂ ਅਤੇ ਸਥਾਨਕ ਸਰਕਾਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿਚ ਸ਼ਰਨਾਰਥੀਆਂ ਨੂੰ ਵੱਸਣ ਤੋਂ ਰੋਕਣ ਦੀ ਆਗਿਆ ਦੇਣ ਵਾਲਾ ਦੇਸ਼ ਦੇ ਰਾਸ਼ਟਰਪਤੀ ਦਾ ਇਹ ਹੁਕਮ ਸਪੱਸ਼ਟ ਤੌਰ ਉੱਤੇ 1980 ਦੇ ਸ਼ਰਨਾਰਥੀ ਕਾਨੂੰਨ ਅਤੇ ਅਮਰੀਕੀ ਕਾਂਗਰਸ ਦੀ ਸੋਚ ਦੇ ਉਲਟ ਹੈ। ਆਪਣੇ ਸ਼ੁਰੂ ਦੇ ਹੁਕਮ ਵਿਚ ਮੇਸਿਟੇ ਨੇ ਕਿਹਾ ਕਿ ਇਹ ਪ੍ਰਕਿਰਿਆ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਇਹ ਕਰੀਬ 40 ਸਾਲਾਂ ਤੋਂ ਚੱਲ ਰਹੀ ਹੈ। ਸ਼ਰਨਾਰਥੀ ਮੁੜ-ਵਸੇਬਾ ਏਜੰਸੀਆਂ ਤੈਅ ਕਰਦੀਆਂ ਹਨ ਕਿ ਕੋਈ ਵਿਅਕਤੀ ਕਿਥੇ ਸਭ ਤੋਂ ਚੰਗੀ ਤਰ੍ਹਾਂ ਦਿਨ ਕੱਟ ਸਕੇਗਾ। ਚਰਚ ਵਰਲਡ ਸਰਵਿਸ, ਲੂਥਰਨ ਇਮੀਗ੍ਰੇਸ਼ਨ ਐਂਡ ਰਫਿਊਜੀ ਸਰਵਿਸ ਅਤੇ ਆਈ ਏ ਐਸ ਅਤੇ ਏ ਆਈ ਏ ਐਸ ਨੇ 21 ਨਵੰਬਰ ਨੂੰ ਗ੍ਰੀਨਬੇਲਟ, ਮੈਰੀਲੈਂਡ ਵਿਚ ਕੇਸ ਦਾਇਰ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਖੇਤਰ ਵਿਚ ਸ਼ਰਨਾਰਥੀਆਂ ਨੂੰ ਵਸਾਉਣ ਤੋਂ ਪਹਿਲਾਂ ਉਹ ਸੂਬੇ ਤੇ ਸਥਾਨਕ ਅਧਿਕਾਰੀਆਂ ਮਿਲ ਕੇ ਕੰਮ ਕਰਦੇ ਹਨ। ਉਨ੍ਹਾਂ ਨੇ ਇਸ ਹੁਕਮ ਨੂੰ ਰਾਜਾਂ ਵਿੱਚ ਸ਼ਰਨਾਰਥੀਆਂ ਨੂੰ ਪਾਬੰਦੀ ਸ਼ੁਦਾ ਕਰਨ ਦੀ ਕੋਸ਼ਿਸ਼ ਕਿਹਾ ਸੀ।

ਮੇਸਿਟੇ ਨੇ ਇਸ ਉੱਤੇ ਸਹਿਮਤੀ ਜਤਾਉਂਦੇ ਹੋਏ ਹੁਕਮ ਦਿੱਤਾ ਕਿ ਇਸ ਨਾਲ ਉਨ੍ਹਾਂ ਨੂੰ ਵੀਟੋ ਦਾ ਅਧਿਕਾਰ ਮਿਲ ਜਾਵੇਗਾ। ਰਾਸ਼ਟਰਪਤੀ ਟਰੰਪ ਦਾ ਸਤੰਬਰ ਦਾ ਹੁਕਮ ਜਾਰੀ ਜੂਨ ਵਿਚ ਲਾਗੂ ਹੋਣਾ ਹੈ। ਸ਼ਰਨਾਰਥੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿਚ ਵਸਾਉਣ ਤੋਂ ਪਹਿਲਾਂ ਏਜੰਸੀਆਂ ਨੂੰ ਅਧਿਕਾਰੀਆਂ ਤੋਂ ਸਹਿਮਤੀ ਪੱਤਰ ਲੈਣਾ ਹੋਵੇਗਾ।

## ਟਵਿੱਟਰ ਦੀਆਂ ਸਰਗਰਮੀਆਂ ਕਾਰਨ ਜਨਰਲ ਬਾਜਵਾ ਨੇ ਫੌਜ ਦਾ ਬੁਲਾਰਾ ਛਾਂਗਿਆ

ਇਸਲਾਮਾਬਾਦ, 16 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਨੇ ਆਪਣੇ ਬੁਲਾਰੇ ਮੇਜਰ ਜਨਰਲ ਆਸਿਫ ਗਫੂਰ ਦੀਆਂ ਟਵਿੱਟਰ ਉੱਤੇ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਤੋਂ ਪਰੇਸ਼ਾਨ ਹੋ ਕੇ ਅੱਜ ਵੀਰਵਾਰ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਮੇਜਰ ਜਨਰਲ ਬਾਬਰ ਇਫਤਿਖਾਰ ਨੂੰ ਲਾਇਆ ਹੈ।

ਫੌਜ ਦੇ ਸੂਤਰਾਂ ਨੇ ਦੱਸਿਆ ਕਿ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਫੌਜ ਬਾਰੇ ਉਸ ਮਖੌਲ ਨੂੰ ਦੇਖ ਕੇ ਪਰੇਸ਼ਾਨ ਸਨ, ਜੋ ਗਫੂਰ ਦੇ ਗੁੰਝਲਦਾਰ ਸੋਸ਼ਲ ਮੀਡੀਆ ਰੁਝੇਵਿਆਂ ਕਾਰਨ ਬਣ ਰਹੇ ਸਨ। ਇਸ ਨੂੰ ਦੇਖਦਿਆਂ ਉਨ੍ਹਾਂ ਨੂੰ ਡਾਇਰੈਕਟਰ ਜਨਰਲ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ ਐਸ ਪੀ ਆਰ) ਦੇ ਅਹੁਦੇ ਤੋਂ ਹਟਾਇਆ ਗਿਆ ਹੈ। ਗਫੂਰ ਨੂੰ ਪਾਕਿਸਤਾਨ ਵਿਚ 40 ਡਵੀਜ਼ਨ ਓਕਾੜਾ ਦਾ ਜੀ ਓ ਸੀ ਨਿਯੁਕਤ ਕੀਤਾ ਗਿਆ ਹੈ।

ਇਹ ਬਦਲਾਓ ਜੰਗੀ ਹੀਰੋ ਅਤੇ ਭਾਰਤੀ ਹਵਾਈ ਫੌਜ ਦੇ ਸੇਵਾਮੁਕਤ ਏਅਰ ਮਾਰਸ਼ਲ ਡੈਨਜਿਲ ਕੀਲੋਰ ਦਾ ਵੀਡੀਓ ਪੋਸਟ ਕਰਨ ਲਈ ਗਫੂਰ ਨੂੰ ਟਰੋਲ ਕੀਤੇ ਜਾਣ ਦੇ ਕੁਝ ਦਿਨ ਬਾਅਦ ਆਇਆ ਹੈ। ਗਫੂਰ ਨੇ ਪਿੱਛੋਂ ਮੰਨਿਆ ਸੀ ਕਿ ਉਹ ਕਲਿੱਪ ਐਡਿਟਿਡ ਸੀ। ਇਕ ਹੋਰ ਮੌਕੇ ਉਨ੍ਹਾਂ ਨੇ ਇਕ ਪਾਕਿਸਤਾਨੀ ਪੱਤਰਕਾਰ ਸਨਾ ਬੁਚਾ ਉੱਤੇ ਟਵਿੱਟਰ ਉੱਤੇ ਟਿੱਪਣੀ ਕੀਤੀ ਸੀ। ਬਾਅਦ ਵਿਚ ਉਨ੍ਹਾਂ ਆਪਣਾ ਟਵੀਟ ਡਿਲੀਟ ਕਰ ਦਿੱਤਾ। ਇਸ ਪਿੱਛੋਂ ਪੱਤਰਕਾਰੀ ਭਾਈਚਾਰੇ ਨੇ ਇਸ ਦਾ ਵਿਰੋਧ ਕੀਤਾ ਸੀ। ਸੂਤਰਾਂ ਨੇ ਦੱਸਿਆ ਕਿ ਜਨਰਲ ਬਾਜਵਾ ਨੇ ਇਹ ਫੈਸਲਾ ਇਸ ਲਈ ਲਿਆ ਕਿ ਗਫੂਰ ਟਵਿੱਟਰ ਉੱਤੇ ਵਧੇਰੇ ਸਰਗਰਮ ਸਨ, ਜਿਸ ਕਾਰਨ ਪਾਕਿਸਤਾਨੀ ਆਰਮੀ ਦਾ ਅਕਸ ਖਰਾਬ ਹੋ ਰਿਹਾ ਸੀ।



*ਪਾਕਿਸਤਾਨ ਦੇ ਨਵੇਂ ਮੇਜਰ ਜਨਰਲ ਬਾਬਰ ਇਫਤਿਖਾਰ (ਖੱਬੇ) ਤੇ ਸਾਬਕਾ ਮੇਜਰ ਜਨਲਰ ਆਸਿਫ ਗਫੂਰ (ਸੱਜੇ)।*

## ਇਜ਼ਰਾਈਲ ਵੱਲੋਂ ਸੀਰੀਆਈ ਏਅਰਬੇਸ 'ਤੇ ਹਮਲਾ



ਦਮਿਸ਼ਕ, 16 ਜਨਵਰੀ (ਪੋਸਟ ਬਿਊਰੋ)- ਇਜ਼ਰਾਈਲ ਨੇ ਕੱਲ੍ਹ ਸੀਰੀਆ ਦੇ ਹੋਮਸ ਸੂਬੇ ਵਿੱਚ ਟੀ-4 ਫ਼ੌਜੀ ਹਵਾਈ ਅੱਡੇ 'ਤੇ ਕਈ ਮਿਜ਼ਾਈਲਾਂ ਦਾਗੀਆਂ। ਸੀਰੀਆ ਦੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ ਵਧੇਰੇ ਮਿਜ਼ਾਈਲਾਂ ਹਵਾਈ ਰੱਖਿਆ ਪ੍ਰਣਾਲੀ ਦੀ ਮਦਦ ਨਾਲ ਨਸ਼ਟ ਕਰ ਦਿੱਤੀਆਂ ਗਈਆਂ, ਪਰ ਚਾਰ ਮਿਜ਼ਾਈਲਾਂ ਬੇਸ ਕੈਂਪ ਤੱਕ ਪਹੁੰਚਣ 'ਚ ਕਾਮਯਾਬ ਰਹੀਆਂ। ਇਸ ਹਮਲੇ 'ਚ ਕਿਸੇ ਦੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ।

ਸੀਰੀਆ ਦੀ ਫ਼ੌਜ ਮੁਤਾਬਕ ਹਮਲੇ ਵਿੱਚ ਕੁਝ ਵਾਹਨਾਂ ਦੇ ਨੁਕਸਾਨੇ ਜਾਣੇ ਤੋਂ ਇਲਾਵਾ ਕਿਸੇ ਜਹਾਜ਼ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਇਹ ਮਿਜ਼ਾਈਲਾਂ ਸੀਰੀਆ ਦੇ ਦੱਖਣੀ ਪੂਰਬੀ ਖੇਤਰ ਅਲ ਤਾਂਫ ਵੱਲੋਂ ਆਏ ਜਹਾਜ਼ਾਂ ਦੇ ਵੱਲ ਨੂੰ ਦਾਗੀਆਂ ਗਈਆਂ ਸਨ। ਇਸ ਇਲਾਕੇ 'ਚ ਅਮਰੀਕਾ ਦਾ ਇੱਕ ਫ਼ੌਜੀ ਅੱਡਾ ਹੈ।ਹਮਲੇ ਬਾਰੇ ਇਜ਼ਰਾਈਲ ਨੇ ਕੋਈ ਬਿਆਨ ਨਹੀਂ ਦਿੱਤਾ। ਅਮਰੀਕਾ ਦੀ ਹਮਾਇਤ ਹਾਸਲ ਇਜ਼ਰਾਈਲ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਸੀਰੀਆ ਵਿਚਲੀ ਈਰਾਨੀ ਫ਼ੌਜ ਜਾਂ ਉਸ ਦੀ ਹਮਾਇਤ ਵਾਲੇ ਅੱਤਵਾਦੀਆਂ ਨੂੰ ਉਹ ਕਿਸੇ ਵੀ ਸੂਰਤ ਏਥੇ ਪੈਰ ਨਹੀਂ ਜਮਾਉਣ ਦੇਵੇਗਾ। ਸੀਰੀਆ ਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਈਰਾਨ ਦੀ ਹਮਾਇਤ ਵਾਲੇ ਹਿਜ਼ਬੁੱਲਾ ਅਤੇ ਹੋਰ ਹਥਿਆਰਬੰਦ ਸੰਗਠਨਾਂ ਖ਼ਿਲਾਫ਼ ਇਜ਼ਰਾਈਲ ਪਹਿਲਾਂ ਵੀ ਹਮਲੇ ਕਰਦਾ ਰਿਹਾ ਹੈ। ਅਮਰੀਕਾ ਵੱਲੋਂ ਈਰਾਨੀ ਫ਼ੌਜੀ ਕਮਾਂਡਰ ਕਾਸਿਮ ਸੁਲੇਮਾਨੀ ਨੂੰ ਮਾਰ ਸੁੱਟਣ ਤੋਂ ਬਾਅਦ ਇਜ਼ਰਾਈਲ ਦਾ ਸੀਰੀਆ 'ਚ ਇਹ ਪਹਿਲਾ ਹਮਲਾ ਹੈ।

## ਪਾਕਿ ਦੀ ਸਿਆਸਤ ਵਿੱਚ ਅਪਰਾਧਕ ਕੇਸਾਂ ਵਿੱਚ ਕੁਰਾਨ ਦੀ ਕਸਮ



ਇਸਲਾਮਾਬਾਦ, 16 ਜਨਵਰੀ (ਪੋਸਟ ਬਿਊਰੋ)- ਹੈਰੋਇਨ ਵਰਗੇ ਡਰੱਗ ਦੀ ਤਸਕਰੀ ਕਰਨ ਦਾ ਦੋਸ਼ੀ ਪਾਰਲੀਮੈਂਟ ਦਾ ਮੈਂਬਰ ਇਸਲਾਮ ਦੇ ਪਵਿਤਰ ਗ੍ਰੰਥ ਕੁਰਾਨ ਦੀ ਕਸਮ ਖਾ ਕੇ ਖ਼ੁਦ ਨੂੰ ਬੇਗੁਨਾਹ ਦੱਸਦਾ ਤੇ ਕਹਿੰਦਾ ਹੈ ਕਿ ਉਸਦੇ ਖ਼ਿਲਾਫ਼ ਸਾਜ਼ਿਸ਼ ਹੋਈ ਹੈ। ਜਵਾਬ ਵਿੱਚ ਇੱਕ ਮੰਤਰੀ ਵੀ ਕੁਰਾਨ ਹੱਥ ਵਿੱਚ ਉਠਾ ਕੇ ਕਹਿੰਦਾ ਹੈ ਕਿ ਉਸ 'ਤੇ ਅੱਲਾ ਦਾ ਕਹਿਰ ਟੁੱਟੇ, ਜੇ ਉਸ ਨੇ ਕੋਈ ਸਾਜ਼ਿਸ਼ ਕੀਤੀ ਹੋਵੇ। ਇਹ ਸੀਨ ਪਾਕਿਸਤਾਨੀ ਪਾਰਲੀਮੈਂਟ ਦੇ ਹੇਠਲੇ ਸਦਨ ਨੈਸ਼ਨਲ ਅਸੈਂਬਲੀ ਦਾ ਹੈ। ਦੋਸ਼ੀ ਪਾਰਲੀਮੈਂਟ ਮੈਂਬਰ ਦਾ ਨਾਮ ਰਾਣਾ ਸਨਾਉਲਾਹ ਹੈ।

ਰਾਣਾ ਸਨਾਉਲਾਹ ਪਾਕਿਸਤਾਨ ਮੁਸਲਮ ਲੀਗ (ਨਵਾਜ਼) ਦੇ ਪਾਰਲੀਮੈਂਟ ਮੈਂਬਰ ਹਨ। ਉਹ ਹੈਰੋਇਨ ਕੇਸ ਵਿੱਚ ਜੇਲ੍ਹ ਗਏ ਸਨ, ਪਰ ਜ਼ਮਾਨਤ 'ਤੇ ਛੁਟੇ ਹਨ। ਡਰੱਗ ਕੰਟਰੋਲ ਦੇ ਮੰਤਰੀ ਦਾ ਨਾਮ ਸ਼ਹਰਯਾਰ ਅਫਰੀਦੀ ਹੈ, ਜਿਨ੍ਹਾਂ ਨੇ ਕੱਲ੍ਹ ਪਾਰਲੀਮੈਂਟ ਦੀ ਕਾਰਵਾਈ ਦੌਰਾਨ ਰਾਣਾ ਸਨਾਉਲਾਹ ਨੂੰ ਕਿਹਾ; 'ਮਰਦ ਬਣੋ, ਕੁਰਾਨ ਚੁੱਕਣ ਦੀ ਥਾਂ ਮੁਕਦਮੇ ਦਾ ਸਾਹਮਣਾ ਕਰੋ।' ਰਾਣਾ ਸਨਾਉਲਾਹ ਨੇ ਕਿਹਾ, 'ਜਦ ਜਾਂਚ ਨਹੀਂ ਹੋਈ ਤਾਂ ਕੇਸ ਕਿਹੜਾ। ਥਾਣੇ ਵਿੱਚ ਮੇਰੇ ਤੋਂ ਬਰਾਮਦੀ ਤਾਂ ਦੂਰ, ਜਾਂਚ ਅਫਸਰ ਨੇ ਗੱਲ ਤੱਕ ਨਹੀਂ ਕੀਤੀ। ਜਦੋਂ ਮੈਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂਮੈਨੂੰ ਪਤਾ ਚਲਿਆ ਕਿ ਮੇਰੇ ਤੋਂ ਹੈਰੋਇਨ ਬਰਾਮਦ ਹੋਈ ਹੈ। ਅਧਿਕਾਰੀਆਂ ਨੇ ਮੈਨੂੰ ਇਹ ਕਿਹਾ ਕਿ ਉਪਰ ਤੋਂ ਹੁਕਮ ਹੈ। ਇਹ (ਸ਼ਹਰਯਾਰ ਅਫਰੀਦੀ) ਇਥੇ ਖੜੇ ਹੋ ਕੇ ਕਸਮ ਖਾਵੇ ਕਿ ਅੱਲਾ ਨੂੰ ਹਾਜ਼ਿਰ ਨਾਜ਼ਿਰ ਜਾਣ ਕੇ ਮੈ ਕਸਮ ਖਾਂਦਾ ਹਾਂ ਕਿ ਜੇ ਮੈਂ ਝੂਠ ਬੋਲਿਆ ਤਾਂ ਮੇਰੇ 'ਤੇ ਅੱਲਾ ਦਾ ਕਹਿਰ ਬਰਸੇ। ਇਸ ਪਿੱਛੋਂ ਮੇਰੇ ਅਤੇ ਸ਼ਹਰਯਾਰ ਦਾ ਫੈਸਲਾ ਅੱਲ੍ਹਾ ਪਾਕਿ ਕਰਨਗੇ।'

### ਤਾਈਵਾਨ ਦੀ ਮੁਖੀ ਨੇ ਕਿਹਾ:

## ਸਾਡੇ ਉੱਤੇ ਹਮਲਾ ਕੀਤਾ ਚੀਨ ਨੂੰ ਮਹਿੰਗਾ ਪਵੇਗਾ



ਤਾਇਪੇ, 16 ਜਨਵਰੀ (ਪੋਸਟ ਬਿਊਰੋ)- ਤਾਈਵਾਨ ਦੀ ਰਾਸ਼ਟਰਪਤੀ ਸਾਈ ਇੰਗ-ਵੇਨ ਨੇ ਕਿਹਾ ਹੈ ਕਿ ਸਾਡਾ ਦੇਸ਼ ਪਹਿਲਾਂ ਤੋਂ ਸੁਤੰਤਰ ਦੇਸ਼ ਹੈ ਅਤੇ ਚੀਨ ਨੂੰ ਉਸ ਬਾਰੇ ਆਪਣੇ ਸਖ਼ਤ ਰੁਖ਼ 'ਤੇ ਮੁੜਸੋਚਣਾ ਚਾਹੀਦਾ ਹੈ। ਉਨ੍ਹਾਂ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਤਾਈਵਾਨ 'ਤੇ ਕੀਤਾ ਗਿਆ ਕੋਈ ਵੀ ਹਮਲਾ ਚੀਨ ਨੂੰ ਬਹੁਤ ਮਹਿੰਗਾ ਪਵੇਗਾ।

ਸਾਈ ਇੰਗ-ਵੇਨ ਪਿਛਲੇ ਦਿਨੀਂਹੋਈ ਚੋਣ 'ਚ ਤਾਈਵਾਨ ਦੀ ਫਿਰ ਰਾਸ਼ਟਰਪਤੀ ਚੁਣੀ ਗਈ ਹੈ। ਉਨ੍ਹਾਂ ਦੀ ਜਿੱਤ ਨੂੰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਲਈ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ। ਤਾਈਵਾਨ ਨੂੰ ਆਪਣਾ ਹਿੱਸਾ ਮੰਨਣ ਵਾਲੇ ਚੀਨ ਨੇ ਉਸ ਨੂੰ ਆਪਣੇ ਵਿੱਚ ਮਿਲਾਉਣ ਦਾ ਦ੍ਰਿੜ੍ਹ ਸੰਕਲਪ ਲਿਆ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਜੇ ਤਾਈਵਾਨ ਆਪਣੇ ਆਪ ਨੂੰ ਸੁਤੰਤਰ ਐਲਾਨਦਾ ਹੈ ਤਾਂ ਇਸ ਕੰਮ ਨੂੰ ਉਹ ਤਾਕਤ ਨਾਲ ਸਿਰੇ ਚਾੜ੍ਹ ਸਕਦਾ ਹੈ।

ਕੱਲ੍ਹ ਬੀ ਬੀ ਸੀ 'ਤੇ ਪ੍ਰਸਾਰਿਤ ਹੋਏ ਇੰਟਰਵਿਊ ਵਿੱਚ ਸਾਈ ਨੇ ਕਿਹਾ ਕਿ ਸੁਤੰਤਰਤਾ ਦਾ ਰਸਮੀ ਐਲਾਨ ਕਰਨ ਦੀ ਕੋਈ ਲੋੜ ਨਹੀਂ, ਕਿਉਂਕਿ ਅਸੀਂ ਪਹਿਲਾਂ ਹੀ ਸੁਤੰਤਰ ਦੇਸ਼ ਹਾਂ ਅਤੇ ਸਾਡੀ ਪਛਾਣ 'ਰਿਪਬਲਿਕ ਆਫ ਚਾਈਨਾ, ਤਾਈਵਾਨ' ਦੇ ਤੌਰ ਉਤੇ ਹੈ। ਮੈਨੂੰ ਆਸ ਹੈ ਕਿ ਚੀਨ ਇਸ ਚੋਣ 'ਚ ਤਾਈਵਾਨ ਦੇ ਲੋਕਾਂ ਵੱਲੋਂ ਪ੍ਰਗਟ ਕੀਤੀ ਗਈ ਰਾਏ ਨੂੰ ਸਮਝੇਗਾ ਤੇ ਆਪਣੀਆਂ ਮੌਜੂਦਾ ਨੀਤੀਆਂ ਦੀ ਸਮੀਖਿਆ ਕਰੇਗਾ।

ਪਿਛਲੇ ਦਿਨੀਂ ਬਣਾਏ ਗਏ ਘੁਸਪੈਠ ਵਿਰੋਧੀ ਕਾਨੂੰਨ ਬਾਰੇ ਸਾਈ ਨੇ ਕਿਹਾ ਕਿ ਇਸ ਨਾਲ ਦੇਸ਼ ਵਿੱਚ ਸਿਆਸੀ ਸਰਗਰਮੀਆਂ ਨੂੰ ਵਿਦੇਸ਼ ਤੋਂ ਮਿਲਦੀ ਮਦਦ 'ਤੇ ਰੋਕ ਲੱਗੇਗੀ। ਤਾਈਵਾਨ ਦੇ ਲੋਕਾਂ ਦਾ ਮੰਨਣਾ ਹੈ ਕਿ ਇਸ ਕਾਨੂੰਨ ਨਾਲ ਦੇਸ਼ ਦੀ ਸਿਆਸਤ 'ਚ ਚੀਨ ਦਾ ਦਖ਼ਲ ਘਟੇਗਾ ਅਤੇ ਲੱਗਦਾ ਹੈ ਕਿ ਇਹ ਚੀਨ ਲਈ ਬਹੁਤ ਅਨੁਕੂਲ ਇਸ਼ਾਰਾ ਹੈ।

## ਐਨ ਪੀ ਆਰ ਦੀ ਪ੍ਰਸ਼ਨਾਵਲੀ ਨਾਲੋਂ ਸਰਕਾਰ ਨੇ ਪੈਨ ਦਾ ਸਵਾਲ ਹਟਾ ਕੇ ਮਾਤ-ਭਾਸ਼ਾ ਜੋੜੀ

ਨਵੀਂ ਦਿੱਲੀ, 16 ਜਨਵਰੀ (ਪੋਸਟ ਬਿਊਰੋ)- ਸੀ ਏ ਏ, ਐਨ ਆਰ ਸੀ ਅਤੇ ਐਨ ਪੀ ਆਰ ਵਾਸਤੇ ਦੇਸ਼ ਭਰ ਵਿੱਚ ਹੋ ਰਹੇ ਵਿਰੁਧ ਪ੍ਰਦਸ਼ਨਾਂ ਦੌਰਾਨ ਦੋ ਰਾਜਾਂ ਨੂੰ ਛੱਡ ਕੇ ਹੋਰ ਸਾਰੇ ਰਾਜਾਂ ਨੇ ਐਨ ਪੀ ਆਰ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਕੇਰਲ ਅਤੇ ਪੱਛਮੀ ਬੰਗਾਲ ਨੇ ਐਨ ਪੀ ਆਰ ਨੂੰ ਰੋਕਣ ਦੀ ਬੇਨਤੀ ਕੀਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਇਸ ਵਾਰ ਐਨ ਪੀ ਆਰ ਵਿੱਚ ਪਰਿਵਾਰ ਦੇ ਮਾਲਿਕ ਵਜੋਂ ਪੁਰਸ਼ ਜਾਂ ਮਹਿਲਾ ਦੇ ਇਲਾਵਾ ਤੀਸਰਾ ਬਦਲ ਟ੍ਰਾਂਸਜੈਂਡਰ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਪੈਨ ਦੀ ਜਾਣਕਾਰੀ ਨਹੀਂ ਮੰਗੀ ਜਾਵੇਗੀ, ਜਦ ਕਿ ਮਾਤ-ਭਾਸ਼ਾ ਦੀ ਜਾਣਕਾਰੀ ਦੇਣੀ ਹੋਵੇਗੀ। ਕੇਂਦਰੀ ਗ੍ਰਹਿ ਮੰਤਰਾਲੇ ਦੇ ਮੁਤਾਬਕ ਐਨ ਪੀ ਆਰ ਵਿੱਚ ਕੋਈ ਦਸਤਾਵੇਜ਼ ਨਹੀਂ ਲਿਆ ਜਾਵੇਗਾ ਅਤੇ ਨਾ ਬਾਉਮੀਟ੍ਰਿਕ ਪਛਾਣ ਲਈ ਜਾਵੇਗੀ।

## ਅਮਰੀਕੀ ਸਕੂਲ 'ਤੇ ਜਹਾਜ਼ ਤੋਂ ਤੇਲ ਡਿੱਗਿਆ, ਵਿਦਿਆਰਥੀਆਂ ਸਣੇ ਕਈ ਜ਼ਖ਼ਮੀ



ਲਾਸ ਏਂਜਲਸ, 16 ਜਨਵਰੀ (ਪੋਸਟ ਬਿਊਰੋ)- ਅਮਰੀਕਾ 'ਚ ਕੱਲ੍ਹ ਇੰਜਣ 'ਚ ਆਏ ਤਕਨੀਕੀ ਨੁਕਸ ਕਾਰਨ ਸ਼ੰਘਾਈ ਜਾ ਰਹੇ ਜਹਾਜ਼ ਦੀ ਲਾਸਏਂਜਲਸ ਏਅਰਪੋਰਟ 'ਤੇ ਫਿਊਲ ਡੰਪਿੰਗ ਦੇ ਬਾਅਦ ਸੁਰੱਖਿਅਤ ਲੈਂਡਿੰਗ ਕਰਾਈ ਗਈ, ਪਰ ਇਸ ਦੌਰਾਨ ਡਿੱਗੇ ਤੇਲ ਦੀ ਲਪੇਟ 'ਚ ਆਉਣ ਨਾਲ ਇੱਕ ਸਕੂਲ ਦੇ 26 ਬੱਚਿਆਂ ਤੇ ਸਟਾਫ ਦੇ ਕੁਝ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ ਹੈ। ਫਿਊਲ ਡੰਪਿੰਗ ਪ੍ਰਕਿਰਿਆ ਵਿੱਚ ਜਹਾਜ਼ ਆਪਣਾ ਵਜ਼ਨ ਘੱਟ ਕਰਨ ਲਈ ਕੁਝ ਤੇਲ ਹਵਾ 'ਚ ਸੁੱਟ ਦੇਂਦਾ ਹੈ। ਹਵਾਬਾਜ਼ੀ ਕੰਪਨੀ ਡੈਲਟਾ ਦੇ ਬੁਲਾਰੇ ਐਡ੍ਰੀਅਨ ਜੀ. ਨੇ ਕਿਹਾ ਕਿ ਫਲਾਈਟ ਲਾਸ ਏਂਜਲਸ ਤੋਂ ਸ਼ੰਘਾਈ ਲਈ ਉਡੀ ਸੀ ਕਿ ਇੰਜਣ ਵਿੱਚ ਖ਼ਰਾਬੀ ਦਾ ਪਤਾ ਲੱਗਾ। ਇਸ ਉਤੇ ਜਹਾਜ਼ ਨੂੰ ਲਾਸ ਏਂਜਲਸ ਪਰਤਣ ਦਾ ਆਦੇਸ਼ ਦਿੱਤਾ ਗਿਆ। ਇਸ ਦੇ ਬਾਅਦ ਫਿਊਲ ਡੰਪਿੰਗ ਪ੍ਰਕਿਰਿਆ ਦੀ ਵਰਤੋਂ ਕਰ ਕੇ ਪਾਇਲਟ ਨੇ ਕੱਲ੍ਹ ਦੁਪਹਿਰ ਇਸ ਜਹਾਜ਼ ਨੂੰ ਸੁਰੱਖਿਅਤ ਲੈਂਡ ਕਰਵਾ ਦਿੱਤਾ, ਪਰ ਇਸ ਦੌਰਾਨ ਪਾਰਕ ਐਵੀਨਿਊ ਐਲੀਮੈਂਟ੍ਰੀ ਸਕੂਲ ਦੇ ਮੈਦਾਨ ਅਤੇ ਕਾਫ਼ੀ ਵੱਡੇ ਇਲਾਕੇ 'ਚ ਤੇਲ ਡਿੱਗਿਆ। ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਮੁਤਾਬਕ ਸਕੂਲ ਦੇ 26 ਬੱਚਿਆਂ ਅਤੇ 11 ਅਧਿਆਪਕਾਂ ਤੇ ਮੁਲਾਜ਼ਮਾਂ ਨੇ ਚਮੜੀ 'ਚ ਜਲਨ ਤੇ ਸਾਹ ਲੈਣ 'ਚ ਦਿੱਕਤ ਦੀ ਸ਼ਿਕਾਇਤ ਕੀਤੀ ਸੀ।

## ਗੁਜਰਾਤ ਵਿੱਚ ਸਿੱਖਾਂ ਨੂੰ ਮੁਆਵਜ਼ੇ ਦੇਣ ਦੀ ਅਰਜ਼ੀ ਰੱਦ

ਅਹਿਮਦਾਬਾਦ, 16 ਜਨਵਰੀ (ਪੋਸਟ ਬਿਊਰੋ)- ਸਾਲ 1984 ਦੇ ਸਿੱਖ ਕਤਲੇਆਮ ਦੇ ਝੰਬੇ ਹੋਏ 60 ਸਿੱਖ ਪਰਵਾਰਾਂ ਵੱਲੋਂ ਮੁਆਵਜ਼ੇ ਲਈ ਦਾਖ਼ਲ ਕੀਤੀ ਗਈ ਅਰਜ਼ੀ ਗੁਰਜਾਤ ਹਾਈ ਕੋਰਟ ਨੇ ਰੱਦ ਕਰ ਦਿੱਤੀ ਹੈ। ਚਾਰ ਵਿਅਕਤੀਆਂ ਨੇ ਸਿੰਗਲ ਜੱਜ ਬੈਂਚ ਦੇ ਹੁਕਮਾਂ ਦੇ ਖ਼ਿਲਾਫ਼ ਇਹ ਪਟੀਸ਼ਨ ਦਾਖ਼ਲ ਕੀਤੀ ਸੀ। ਚੀਫ਼ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਏ ਜੇ ਸ਼ਾਸਤਰੀ ਦੇ ਡਵੀਜ਼ਨ ਬੈਂਚ ਨੇ 9 ਜਨਵਰੀ ਨੂੰ ਅਪੀਲ ਰੱਦ ਕੀਤੀ ਸੀ। ਪਟੀਸ਼ਨਰਾਂ ਨੇ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ 1984 'ਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਪੂਰੇ ਮੁਲਕ 'ਚ ਹੋਏ ਦੰਗਿਆਂ ਦੌਰਾਨ ਇਥੋਂ ਦੇ 60 ਸਿੱਖ ਪਰਵਾਰ ਵੀ ਪ੍ਰਭਾਵਤ ਹੋਏ ਸਨ ਤੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਦਾਅਵਾ ਕੀਤਾ ਕਿ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ ਵੀ ਅਹਿਮਦਾਬਾਦ 'ਚ 60 ਸਿੱਖ ਪਰਵਾਰਾਂ ਨੂੰ ਗੁਜਰਾਤ ਸਰਕਾਰ ਨੇ ਢੁੱਕਵਾਂ ਮੁਆਵਜ਼ਾਂ ਨਹੀਂ ਦਿੱਤਾ ਅਤੇ ਨਾ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਹੋਈ ਹੈ।ਡਵੀਜ਼ਨ ਬੈਂਚ ਨੇ ਆਪਣੇ ਹੁਕਮ 'ਚ ਕਿਹਾ ਕਿ ਪਟੀਸ਼ਨਰ ਰਾਹਤ ਲੈਣ ਲਈ ਢੁਕਵੇਂ ਤੱਥ ਪੇਸ਼ ਕਰਨ 'ਚ ਨਾਕਾਮ ਰਹੇ। ਉਨ੍ਹਾਂ ਕਿਹਾ ਕਿ ਅਹਿਮਦਾਬਾਦ ਦੇ ਕੁਲੈਕਟਰ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਪਟੀਸ਼ਨਰਾਂ ਦੇ ਨੁਮਾਇੰਦੇ ਇਹ ਜਾਣਕਾਰੀ ਦੇਣ ਤੋਂ ਅਸਫ਼ਲ ਰਹੇ ਕਿ ਦੰਗਿਆਂ 'ਚ ਉਨ੍ਹਾਂ ਦਾ ਕਿੰਨਾ ਨੁਕਸਾਨ ਹੋਇਆ ਸੀ। ਉਨ੍ਹਾਂ ਸਿੰਗਲ ਜੱਜ ਵੱਲੋਂ ਪਾਸ ਕੀਤੇ ਹੁਕਮਾਂ 'ਚ ਨੂੰ ਬਾਹਲ ਰੱਖਿਆ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain
PERMANENT IMMIGRATION
Canada within 6-12 Months
We have confirmed job offers from Canadian Employers for:
- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
& lots of other Positions

Invest $200,000 (CAD) & Immigrate with family under Business Immigration

Subhash Punia
Immigration Counsel
Fast Track Immigration Under INVESTORS CLASS IMMIGRATION
Atlantic Immigration
By Appointment
MON-FRI
9:30AM - 5:30PM
2980 Drew rd. #230, Mississauga, ON L4T 0A7 | 905.362.0202 | 905.362.2158

## ਅੰਮ੍ਰਿਤਸਰ ਦੇ ਤਰਨਜੀਤ ਸਿੰਘ ਸੰਧੂ ਅਮਰੀਕਾ ਵਿੱਚ ਭਾਰਤ ਦੇ ਅਗਲੇ ਰਾਜਦੂਤ ਹੋਣਗੇ

ਚੰਡੀਗੜ੍ਹ, 16 ਜਨਵਰੀ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਵਸਨੀਕ ਤਰਨਜੀਤ ਸਿੰਘ ਸੰਧੂ ਭਾਰਤ ਦੇ ਅਮਰੀਕਾ ਵਿੱਚ ਅਗਲੇ ਰਾਜਦੂਤ ਬਣਨ ਵਾਲੇ ਹਨ। ਇਸ ਵੇਲੇ ਉਹ ਸ਼੍ਰੀਲੰਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਹਨ। ਤਰਨਜੀਤ ਸਿੰਘ ਨੂੰ ਅਮਰੀਕਾ ਇਸ ਲਈ ਭੇਜਿਆ ਜਾ ਰਿਹਾ ਹੈ ਕਿ ਉਥੇ ਤੈਨਾਤ ਰਾਜਦੂਤ ਹਰਸ਼ ਵਰਧਨ ਸ਼੍ਰੀਗਲਾ ਦਿੱਲੀ ਵਿੱਚ ਆ ਕੇ ਜਲਦੀ ਹੀ ਭਾਰਤ ਦੇ ਵਿਦੇਸ਼ ਸੈਕਟਰੀ ਦਾ ਅਹੁਦਾ ਸੰਭਾਲਣ ਵਾਲੇ ਹਨ।

